ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥

ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ




# ਖ਼ਾਲਸਾ ਐਡਵੋਕੇਟ



ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ

ਜਿਲਦ : 118 | ਅੰਕ : 104 | ਅਪ੍ਰੈਲ 2022 | ਭੇਟਾ - 10/- ਰੁਪੈ

## ਚੀਫ਼ ਖ਼ਾਲਸਾ ਦੀਵਾਨ ਵਲੋਂ ਸਾਲ 2022-23 ਲਈ 146 ਕਰੋੜ 7 ਲੱਖ ਰੁਪਏ ਦਾ ਬਜਟ ਪਾਸ

### ਬਜਟ ਬਹੁਪੱਖੀ ਵਿਕਾਸ ਮੁੱਖੀ, ਆਧੁਨਿਕੀਕਰਨ, ਨੀਤੀਆਂ ਵਧਾਉਣ ਅਤੇ ਸੰਸਥਾ ਦੇ ਵਿਕਾਸ ਵਾਲਾ ਹੈ- ਡਾ.ਨਿੱਜਰ




ਚੀਫ਼ ਖ਼ਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਚੀਫ਼ ਖ਼ਾਲਸਾ ਦੀਵਾਨ ਅਧੀਨ ਆਉਂਦੇ ਸਮੂਹ ਸਕੂਲਾਂ, ਕਾਲਜਾਂ ਅਦਾਰਿਆਂ ਦਾ ਸਾਲ 2022-23 ਦਾ ਬਜਟ ਪੇਸ਼ ਕਰਨ ਅਤੇ ਹੋਰ ਏਜੰਡੇ ਵਿਚਾਰਣ ਅਤੇ ਪ੍ਰਵਾਨ ਕਰਵਾਉਣ ਸੰਬੰਧੀ ਪਹਿਲਾਂ ਕਾਰਜ ਸਾਧਕ ਕਮੇਟੀ ਉਪਰੰਤ ਜਨਰਲ ਹਾਊਸ ਦਾ ਇਜ਼ਲਾਸ ਆਯੋਜਿਤ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਕੀਤੀ। ਏਜੰਡੇ ਅਨੁਸਾਰ ਮੀਟਿੰਗ ਵਿਚ ਸਭ ਤੋਂ ਪਹਿਲਾਂ ਸਵਰਗਵਾਸ ਹੋ ਚੁੱਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ, ਚੀਫ਼ ਖ਼ਾਲਸਾ ਦੀਵਾਨ ਮੈਂਬਰਜ਼ ਡਾ.ਹਰਦਾਸ ਸਿੰਘ, ਸ੍ਰ.ਅਜਾਇਬ ਸਿੰਘ, ਸ੍ਰ.ਖੁਸ਼ਬੀਰ ਸਿੰਘ ਚਾਵਲਾ ਦੇ ਸ਼ੋਕ ਮਤੇ ਪੜ੍ਹੇ ਗਏ। ਇਹਨਾਂ ਸ਼ੋਕ ਮਤਿਆਂ ਤੇ ਪ੍ਰੋ.ਹਰੀ ਸਿੰਘ, ਡਾ.ਸੂਬਾ ਸਿੰਘ, ਸ੍ਰ.ਅਜਾਇਬ ਸਿੰਘ ਅਭਿਆਸੀ ਅਤੇ ਸ੍ਰ.ਹਰਜੀਤ ਸਿੰਘ ਵੱਲੋਂ ਵਿਛੜੀਆਂ ਰੂਹਾਂ ਦੇ ਦੀਵਾਨ ਲਈ ਕੀਤੇ ਵਿਕਾਸ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਨਿੱਘੀ ਸ਼ਰਧਾਜ਼ਲੀ ਅਰਪਨ ਕੀਤੀ ਅਤੇ ਉਹਨਾਂ ਦੀ ਆਤਮਿਕ ਸ਼ਾਤੀ ਲਈ ਸਮੂਹ ਮੈਂਬਰ ਸਾਹਿਬਾਨ ਵਲੋਂ ਮੂਲ ਮੰਤਰ ਦੇ ਪਾਠ ਕੀਤੇ ਗਏ। ਕਾਰਜ ਸਾਧਕ ਕਮੇਟੀ ਵਿਚ ਬਜਟ ਅਤੇ ਹੋਰ ਏਜੰਡੇ ਪਾਸ ਕਰਵਾਉਣ ਉਪਰੰਤ ਜਨਰਲ ਬਾਡੀ ਦੀ ਇਕਤੱਰਤਾ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨੇ ਬਜਟ ਪੇਸ਼ ਕਰਦਿਆਂ ਜਾਣਕਾਰੀ ਦਿੱਤੀ ਕਿ ਇਸ ਵਾਰ ਚੀਫ਼ ਖ਼ਾਲਸਾ ਦੀਵਾਨ ਦਾ ਸਾਲ 2022-23 ਲਈ ਅਨੁਮਾਨਤ ਬਜਟ 146 ਕਰੋੜ 7 ਲੱਖ 15 ਹਜ਼ਾਰ 3 ਸੋ 25 ਰੁਪਏ ਰੱਖਿਆ ਗਿਆ ਹੈ। ਉਹਨਾਂ ਵਲੋਂ ਚੀਫ਼ ਖ਼ਾਲਸਾ ਦੀਵਾਨ ਦੇ ਸਾਲ 2021-22 ਦੇ ਬਜਟ ਤੇ ਰੋਸ਼ਨੀ ਪਾਉਂਦਿਆਂ ਸਾਲ 2022-23 ਦਾ ਬਜਟ ਪੇਸ਼ ਕੀਤਾ ਜੋ ਚੀਫ਼ ਖ਼ਾਲਸਾ ਦੀਵਾਨ ਦਾ ਬਹੁਪੱਖੀ ਵਿਕਾਸ ਮੁੱਖੀ, ਆਧੁਨਿਕੀਕਰਨ ਨੀਤੀਆਂ ਨੂੰ ਹੋਰ ਵੀ ਵਧਾਉਣ ਵਾਲਾ ਅਤੇ ਸੰਸਥਾ ਦੇ ਸਮੂਹਿਕ ਵਿਕਾਸ ਵਲ ਸੇਧਿਤ ਕਰਾਰ ਦਿੱਤਾ ਗਿਆ। ਉਹਨਾਂ ਨੇ ਬਜਟ ਦੇ ਤੱਥਾਂ ਤੇ ਰੋਸ਼ਨੀ ਪਾਉਂਦਿਆਂ ਦਸਿਆ ਕਿ ਸਾਲ 2021-22 ਵਿਚ ਜਿਹੜੀ ਕੁੱਲ ਆਮਦਨ 100 ਕਰੋੜ 8 ਲੱਖ ਰੁਪਏ ਰਹੀ ਸੀ, ਉਥੇ ਸਾਲ 2022-23 ਵਿਚ ਇਹ ਆਮਦਨ 137 ਕਰੋੜ 98 ਲੱਖ ਰੁਪਏ ਹੋਣ ਦਾ ਅਨੁਮਾਨ ਹੈ। ਪਿਛਲੇ ਸਾਲ ਨਾਲੋਂ ਇਹ ਵਾਧਾ 37 ਕਰੋੜ ਰੁਪਏ ਹੈ ਜੋ ਕਿ 38 ਪ੍ਰਤੀਸ਼ਤ ਹੈ। ਉਹਨਾਂ



ਦੱਸਿਆ ਕਿ ਪਿਛਲੇ ਸਾਲ ਕੁੱਲ ਖਰਚ 89 ਕਰੋੜ 77 ਲੱਖ ਰਿਹਾ, ਜਦ ਕਿ ਸਾਲ 2022-23 ਵਿਚ ਇਹ ਕੁੱਲ ਖਰਚ 146 ਕਰੋੜ 7 ਲੱਖ ਰੁਪਏ ਹੋ ਜਾਣ ਦਾ ਅਨੁਮਾਨ ਹੈ ਅਤੇ ਪਿਛਲੇ ਸਾਲ ਨਾਲੋ ਇਹ ਵਾਧਾ 56 ਕਰੋੜ 29 ਲੱਖ ਰੁਪਏ ਦਾ ਹੈ ਜੋ ਕਿ 62 ਪ੍ਰਤੀਸ਼ਤ ਤੱਕ ਹੈ। ਉਹਨਾਂ ਕਿਹਾ ਕਿ ਖਰਚ ਵਿਚ ਆਇਆ ਇਹ ਵਾਧਾ ਬਹੁਤ ਹੀ ਸਾਰਥਕ ਅਤੇ ਹਾਂ ਪੱਖੀ ਸੰਕੇਤ ਹੈ ਜੋ ਕਿ ਉਨਤੀ ਦੀਆਂ ਨਵੀਆਂ ਪੁਲਾਂਘਾ ਤੈਅ ਕਰਨ ਦਾ ਸੂਚਕ ਹੈ।

ਚੀਫ਼ ਖ਼ਾਲਸਾ ਦੀਵਾਨ ਦੀ ਫਾਇਨਾਸ ਕਮੇਟੀ ਦੇ ਮੈਂਬਰ ਸ੍ਰ.ਨਰਿੰਦਰ ਸਿੰਘ ਖੁਰਾਣਾ ਨੇ ਬਜਟ ਦੀ ਵਿਸਥਾਰਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੀਫ਼ ਖ਼ਾਲਸਾ ਦੀਵਾਨ ਦੇ ਬਜਟ 2022-2023 ਵਿੱਚ ਸੀ.ਕੇ.ਡੀ ਸਕੂਲਾਂ ਦੇ ਵਿਸਥਾਰ ਹਿੱਤ ਪੁੱਡਾ ਪ੍ਰੋਜੈਕਟ (ਜੇਲ ਰੋਡ) ਵਿਖੇ ਸਕੂਲ ਉਸਾਰੀ ਲਈ 5 ਕਰੋੜ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜੀ.ਟੀ.ਰੋਡ ਵਿਖੇ ਬਿਲਡਿੰਗ ਉਸਾਰੀ ਲਈ 20 ਲੱਖ ਰੁਪਏ, ਹੁਸ਼ਿਆਰਪੁਰ ਵਿਖੇ ਸਕੂਲ ਦੇ ਵਿਸਥਾਰ ਲਈ ਸਕੂਲ ਦੇ ਨਾਲ ਲਗਦੀ ਜ਼ਮੀਨ ਖਰੀਦਣ ਲਈ 2 ਕਰੋੜ ਰੁਪਏ ਅਤੇ ਇਸ ਜ਼ਮੀਨ ਤੇ ਬਿਲਡਿੰਗ ਉਸਾਰੀ ਲਈ 1 ਕਰੋੜ ਰੁਪਏ, ਰਣਜੀਤ ਐਵੀਨਿਊ ਸਕੂਲ ਵਿਖੇ ਬੈਡਮਿੰਟਨ ਕੋਟ ਦੇ ਨਿਰਮਾਣ ਲਈ 2 ਕਰੋੜ ਰੁਪਏ ਦੀ ਰਾਸ਼ੀ ਰਾਖਵੀ ਰੱਖੀ ਗਈ ਹੈ। ਇਸ ਦੇ ਨਾਲ ਹੀ ਧਰਮ ਪ੍ਰਚਾਰ ਲਈ 40 ਲੱਖ ਪੇਂਡੂ ਸਕੂਲਾਂ ਅਤੇ ਹੋਰ ਜ਼ਰੂਰਤਮੰਦ ਸੀ.ਕੇ.ਡੀ ਸੰਸਥਾਵਾਂ ਦੀ ਅ੍ਰਪਗਡੇਸ਼ਨ ਲਈ 3 ਕਰੋੜ ਅਤੇ 1 ਕਰੋੜ 51 ਲੱਖ ਰੁਪਏ ਆਦਰਸ਼ ਸਕੂਲਾਂ ਲਈ ਰਾਖਵੇਂ ਰੱਖੇ ਗਏ ਹਨ।

ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਵਲੋਂ ਮੀਟਿੰਗ ਦੇ ਏਜੰਡੇ ਪੜ੍ਹੇ ਗਏ ਅਤੇ ਦੱਸਿਆ ਗਿਆ ਕਿ ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸਕੂਲਾਂ ਵਿਚ ਸਿੱਖ ਮਨਿਓਰਟੀ ਸਕੀਮ ਸੂਰੂ ਕੀਤੀ ਗਈ ਹੈ ਜਿਸ ਅਧੀਨ ਲੋੜਵੰਦ ਵਿਦਿਆਰਥੀਆਂ ਨੂੰ ਆਰਥਿਕ ਪੱਖੋ ਸਹਾਇਤਾ ਮਿਲੇਗੀ। ਮੀਟਿੰਗ ਵਿਚ ਮੈਂਬਰ ਸਾਹਿਬਾਨ ਨੇ ਆਸ ਪ੍ਰਗਟ ਕੀਤੀ ਕਿ ਇਹ ਬਜਟ ਚੀਫ਼ ਖ਼ਾਲਸਾ ਦੀਵਾਨ ਦੀਆਂ ਭਵਿੱਖ ਦੀਆ ਲੋੜ੍ਹਾਂ ਅਤੇ ਉਮੀਦਾਂ ਤੇ ਪੂਰੀ ਤਰ੍ਹਾਂ ਖਰਾ ਉਤਰੇਗਾ।

ਮੀਟਿੰਗ ਦੇ ਏਜੰਡੇ ਦੀ ਮੱਦ ਨੰ: 5 ਬਾਰੇ ਪ੍ਰੋ:ਬਲਜਿੰਦਰ ਸਿੰਘ, ਸ੍ਰ.ਅਜਾਇਬ ਸਿੰਘ ਅਭਿਆਸੀ, ਸ੍ਰ.ਸਰਬਜੀਤ ਸਿੰਘ, ਬੀਬੀ ਕਿਰਨਜੋਤ ਕੌਰ, ਸ੍ਰ.ਜਸਵਿੰਦਰ ਸਿੰਘ ਐਡਵੋਕੇਟ ਨੇ ਬੋਲਦਿਆਂ ਆਖਿਆ ਕਿ ਦੀਵਾਨ ਦੇ ਸੰਵਿਧਾਨ ਵਿਚ ਚੇਅਰਮੈਨ ਸਕੂਲ ਦੀ ਪੱਦਵੀ ਦਾ ਕੋਈ ਵਿਧਾਨ ਨਹੀਂ ਹੈ ਜਿਸ ਕਰਕੇ ਡਾ.ਜਸਵਿੰਦਰ ਸਿੰਘ ਢਿੱਲੋਂ ਦੀ ਚੇਅਰਮੈਨ ਸਕੂਲਜ਼ ਵੱਜੋਂ ਹੋਈ ਨਿਯੁਕਤੀ ਨੂੰ ਰੱਦ ਕਰ ਦਿੱਤਾ ਗਿਆ ਏਸੇ ਤਰ੍ਹਾਂ ਮਦ ਨੰਬਰ 5 ਬਾਰੇ ਸ੍ਰ.ਇਕਬਾਲ ਸਿੰਘ ਲਾਲਪੁਰਾ ਵਲੋ ਸਥਾਨਕ ਪ੍ਰਧਾਨ ਵਜੋਂ ਆਪਣੀ ਨਿਯੁਕਤੀ ਬਾਰੇ ਪੁੱਜੇ ਅਸਤੀਫੇ ਨੂੰ ਪ੍ਰਵਾਨ ਕਰਦਿਆਂ ਇਸ ਮੱਦ ਨੂੰ ਰਦ ਕਰ ਦਿੱਤਾ ਗਿਆ। ਸਾਲ 2022-23 ਦੇ ਬਜਟ ਬਾਰੇ ਬੋਲਣ ਵਾਲੇ ਮੈਂਬਰ ਸਾਹਿਬਾਨ ਵਲੋਂ ਉਠਾਏ ਮੁੱਦਿਆਂ ਬਾਰੇ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਵਲੋਂ ਦਿੱਤੇ ਸਪੱਸ਼ਟੀਕਰਨ ਉਪਰੰਤ ਜਨਰਲ ਹਾਊਸ ਦੇ ਮੈਂਬਰਾਂ ਵਲੋਂ ਜੈਕਾਰਿਆਂ ਦੀ ਗੂੰਜ਼ ਵਿਚ ਪ੍ਰਸਤਾਵਤ ਬਜਟ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਅੰਤ ਵਿਚ ਡਾ.ਨਿੱਜਰ ਨੇ ਆਏ ਹੋਏ ਸਮੂਹ ਅਹੁਦੇਦਾਰਾਂ ਅਤੇ ਮੈਂਬਰਜ਼ ਸਾਹਿਬਾਨ ਦਾ ਧੰਨਵਾਦ ਕੀਤਾ।

ਜਨਰਲ ਹਾਊਸ ਦੀ ਮੀਟਿੰਗ ਵਿਚ ਚੀਫ਼ ਖ਼ਾਲਸਾ ਦੀਵਾਨ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ:ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ, ਚੀਫ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਪ੍ਰੋ:ਹਰੀ ਸਿੰਘ, ਸ੍ਰ.ਨਰਿੰਦਰ ਸਿੰਘ ਖੁਰਾਣਾ, ਜਸਪਾਲ ਸਿੰਘ ਢਿੱਲੋਂ, ਸ੍ਰ.ਹਰਜੀਤ ਸਿੰਘ, ਸ੍ਰ.ਮਨਮੋਹਨ ਸਿੰਘ, ਸ੍ਰ.ਰਜਿੰਦਰ ਸਿੰਘ ਮਰਵਾਹਾ, ਬੀਬੀ ਕਿਰਨਜੋਤ ਕੋਰ, ਸ੍ਰ.ਪਰਦੀਪ ਸਿੰਘ ਵਾਲੀਆ ਆਦਿ 180 ਮੈਂਬਰਜ਼ ਸਾਹਿਬਾਨ ਹਾਜ਼ਰ ਹੋਏ।









# ਸੰਪਾਦਕੀ

## ਚੀਫ਼ ਖ਼ਾਲਸਾ ਦੀਵਾਨ ਦਾ 2022-23 ਦਾ ਵਿਕਾਸ ਮੁੱਖੀ ਬਜਟ

ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਆਪਣੇ ਕਾਰਜ-ਕਾਲ ਦਾ 2022-23 ਦਾ ਜੋ ਪਲੇਠਾ ਬਜਟ ਪੇਸ਼ ਕੀਤਾ ਉਹ ਦੀਵਾਨ ਦੀ ਅੰਤ੍ਰਿੰਗ ਕਮੇਟੀ ਤੇ ਜਰਨਲ ਹਾਊਸ ਵਲੋਂ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ। ਲਗਭਗ 146 ਕਰੋੜ ਰੁਪਏ ਦੇ ਪਾਸ ਕੀਤੇ ਇਸ ਬਜਟ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪਿਛਲੇ ਸਾਲ ਨਾਲੋਂ 38 ਫੀਸਦੀ ਆਮਦਨ ਵੱਧ ਹੋਣ ਦੀ ਆਸ ਪ੍ਰਗਟਾਈ ਗਈ ਹੈ। ਹਾਲਾਂ ਕਿ ਕੋਰੋਨਾ ਕਾਲ ਅਤੇ ਵਿਦਿਆਰਥੀਆਂ ਦੇ ਮਾਪਿਆਂ ਵਲੋਂ ਫੀਸਾਂ ਤਾਰਨ ਵਿਚ ਅਕਾਰਨ ਰੁਕਾਵਟਾਂ ਦਾ ਪ੍ਰਬੰਧਕਾਂ ਨੂੰ ਸਾਹਮਣਾ ਕਰਨਾ ਪਿਆ ਅਤੇ ਪੈ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਹ ਸਕੂਲ ਪ੍ਰਬੰਧਕਾਂ ਦੀ ਕੁਸ਼ਲਤਾ, ਮਿਲਵਰਤਣ ਅਤੇ ਦੂਰ ਅੰਦੇਸ਼ੀ ਦਾ ਫਲ ਹੈ ਕਿ ਉਹਨਾਂ ਨੇ ਬੜੀ ਸੂਝ-ਬੂਝ ਨਾਲ ਹਾਲਾਤ ਨੂੰ ਸੰਭਾਲਿਆ ਹੈ ਅਤੇ ਬਹੁਗਿਣਤੀ ਵਿਦਿਆਰਥੀ ਵਰਗ ਨੇ ਵੀ ਪੂਰਾ ਮਿਲਵਰਤਨ ਦਿੱਤਾ ਹੈ ਅਤੇ ਉਹ ਗਲਤ ਅਨਸਰ ਤੋਂ ਸਾਵਧਾਨ ਰਹੇ ਹਨ।

ਪਾਸ ਕੀਤੇ ਬਜਟ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪੂਡਾ ਪ੍ਰੋਜੈਕਟ ਦੀ ਉਸਾਰੀ ਲਈ 5 ਕਰੋੜ, ਆਦਰਸ਼ ਸਕੂਲਾਂ ਨੂੰ ਗਰਾਟ ਦੇਣ ਲਈ 1.5 ਕਰੋੜ, ਪੇਂਡੂ ਸਕੂਲਾਂ ਤੇ ਹੋਰ ਸੰਸਥਾਵਾਂ ਲਈ 3 ਕਰੋੜ ਰਣਜੀਤ ਐਵੀਨਿਊ ਸਕੂਲ ਦੇ ਬੈਡਮਿੰਟਨ ਕੋਟ ਲਈ 2 ਕਰੋੜ, ਧਰਮ ਪ੍ਰਚਾਰ ਲਈ 40 ਲੱਖ ਰੁਪਏ ਵਿਸ਼ੇਸ਼ ਰੂਪ ਵਿਚ ਖਰਚਣ ਲਈ ਰਾਖਵੇਂ ਰੱਖੇ ਗਏ ਹਨ।

ਡਾ.ਇੰਦਰਬੀਰ ਸਿੰਘ ਨਿੱਜਰ, ਸ੍ਰ.ਅਜੀਤ ਸਿੰਘ ਬਸਰਾ ਅਤੇ ਸ੍ਰ.ਨਰਿੰਦਰ ਸਿੰਘ ਖੁਰਾਣਾ ਨੇ ਬਜਟ ਪੇਸ਼ ਕਰਦਿਆਂ ਬਜਟ ਨਾਲ ਸੰਬੰਧਤ ਇਕ-ਇਕ ਮੱਦ ਬਾਰੇ ਜਾਣਕਾਰੀ ਦਿੰਦਿਆਂ ਇਸ ਬਜਟ ਨੂੰ ਵਿਸ਼ਵ ਪੱਧਰ ਦੀਆਂ ਲੋੜਾਂ ਸਨਮੁੱਖ ਉੱਚ ਪੱਧਰੀ ਸਿੱਖੀ-ਸਿੱਖਿਆ ਪ੍ਰਦਾਨ ਕਰਨ ਵਾਲਾ ਦੱਸਿਆ।

ਬੇਸ਼ਕ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਜੀ ਦੇ ਅਚਾਨਕ ਅਕਾਲ ਚਲਾਣੇ ਕਰ ਜਾਣ ਕਾਰਨ ਇਕ ਖਲਾਅ ਮਹਿਸੂਸ ਕੀਤਾ ਜਾ ਰਿਹਾ ਸੀ ਪਰ ਪੇਸ਼ ਕੀਤੇ ਤੇ ਪਾਸ ਕੀਤੇ ਬਜਟ ਤੋਂ ਇਹ ਆਸ ਬਝਦੀ ਹੈ ਕਿ ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਨਾਲ ਸੰਬੰਧਤ ਸਮੂਹ ਅਦਾਰੇ, ਨਿਰਵਿਘਨ ਸਿੱਖੀ-ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਆਸ਼ੇ ਨੂੰ ਹੋਰ ਉਚੇਰੀਆਂ ਬੁਲੰਦੀਆਂ ਤੇ ਪਹੁੰਚਾਣ ਲਈ ਨਿਰੰਤਰ ਯਤਨਸ਼ੀਲ ਰਹਿਣਗੇ।

ਮੈਡੀਕਲ ਖੇਤਰ ਨਾਲ ਸੰਬੰਧਤ ਨਾਮਵਰ ਸਖ਼ਸ਼ੀਅਤ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਸ੍ਰ.ਅਜੀਤ ਸਿੰਘ ਬਸਰਾ ਆਦਿ ਦੀਵਾਨ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ 2022-23 ਦੇ ਵਿਕਾਸਮੁੱਖੀ ਪਾਸ ਹੋਏ ਇਸ ਬਜਟ ਲਈ ਸਾਡੇ ਸਾਰਿਆਂ ਦੀ ਵਧਾਈ ਦੇ ਹੱਕਦਾਰ ਹਨ।

**ਡਾ.ਜਸਬੀਰ ਸਿੰਘ ਸਾਬਰ**
**ਮੁੱਖ ਸੰਪਾਦਕ**

ਸਰਪ੍ਰਸਤ : ਸ. ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ

ਸੰਪਾਦਕ : ਡਾ. ਜਸਬੀਰ ਸਿੰਘ ਸਾਬਰ 9888460180   ਸਹਿ. ਸੰਪਾਦਕ: (ਖਬਰਨਾਮਾ) ਮਨਜੀਤ ਕੌਰ ਪੀ. ਆਰ. ਓ. 8872042060

ਸਲਾਹਕਾਰ :
ਸ. ਸਵਿੰਦਰ ਸਿੰਘ ਕੱਥੂਨੰਗਲ, ਸ. ਅਜੀਤ ਸਿੰਘ ਬਸਰਾ, ਪ੍ਰੋ. ਵਰਿਆਮ ਸਿੰਘ,
ਬੀਬੀ ਕਿਰਨਜੋਤ ਕੌਰ, ਸ. ਸੰਤੋਖ ਸਿੰਘ ਸੇਠੀ, ਸ. ਭਗਵੰਤਪਾਲ ਸਿੰਘ ਸੱਚਰ,
ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਧਰਮਵੀਰ ਸਿੰਘ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com

## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

# ਖਾਲਸਾ ਕੌਮ ਦੀ ਨੀਂਦ

ਉਪਕਾਰ ਸਮਰਣ: ਐ ਕੌਮ ਖਾਲਸਾਈ ਆਈ ਹੈ ਕੀ ਤਬਾਹੀ?
ਜਾਗੀ ਨ ਨੀਂਦ ਕਰਕੇ, ਜਦ ਦੀ ਲਈ ਨਿਹਾਲੀ।
ਉਠ ਯਾਦ ਕਰ ਓ ਵੇਲਾ, ਇਕ ਦਿਨ ਸੀ ਔਜ਼ ਪਰ ਤੂੰ
ਸਾਨੂੰ ਨਹੀਂ ਸੀ ਕੋਈ, ਚਰਨਾਂ ਤੇ ਸੀ ਖੁਸ਼ਾਲੀ।
ਸੁਸਤੀ ਸੀ ਦਰ ਕੋਹਾਂ, ਉਪਕਾਰ ਕਰ ਰਹੀ ਸੀ,
ਦੇਸਾਂ ਤੇ ਝੂਲਦਾ ਸੀ ਝੰਡਾ ਤਿਰਾ ਅਕਾਲੀ।
ਗੋਦੀ ਤਿਰੀ ਦੇ ਸੂਰੇ, ਦੂਨੀਆਂ ਬਚਾ ਰਹੇ ਸੀ,
ਕਯਾ ਜਾਨ ਪਾ ਰਿਹਾ ਸੀ ਖੰਡਾ ਤਿਰਾ ਅਕਾਲੀ।
ਜ਼ਖਮਾਂ ਤੇ ਲਾਈ ਮਰਹਮ, ਦਿਲ ਦੇ ਗੁੱਬਾਰ ਧੋਤੇ,
ਦੁਖੀਆਂ ਦੇ ਦਰਦ ਵੰਡੇ, ਧਰਮਾਂ ਦੀ ਸ਼ਰਮ ਪਾਲੀ।
ਅਪਨੇ ਤੇ ਦੁਖ ਸਹਾਰੇ, ਸੀਨੇ ਉਨ੍ਹਾਂ ਦੇ ਠਾਰੇ,
ਮਸ਼ਕੂਰ ਹੈ ਖੁਦਾਈ ਜੈਸੀ ਤੂੰ ਘਾਲ ਘਾਲੀ।
ਤੂੰ ਵੱਸਿਓਂ ਦਿਲਾਂ ਵਿਚ ਫੁਲਾਂ ਦੀ ਵਾਸ ਵਾਂਗੂ,
ਦੁਨੀਆਂ ਵਸਾ ਰਿਹਾ ਸੀ ਤੇਰਾ ਖਿਆਲ ਆਲੀ।
ਖੁਲਕਤ ਤੇਰੀ ਨੂੰ ਖ਼ਲਕਤ ਲੈਂਦੀ ਰਹੀ ਉਧਾਰੀ,
ਅਜ ਤੇਰੇ ਦਿਲ ਦੇ ਟੁਕੜੇ ਦਰਦ ਰਤੇ ਹਨ ਸਵਾਲੀ!



ਵਿਸਾਖੀ ਦੇ ਪੁਰਬ ਤੇ ਵਿਸ਼ੇਸ਼..........

# ਭਾਈ ਵੀਰ ਸਿੰਘ ਜੀ ਦੀ ਖਾਲਸੇ ਨੂੰ ਵੰਗਾਰ



ਹਰ ਸਾਲ ਅਪ੍ਰੈਲ ਮਹੀਨੇ ਵਿਚ ਵਿਸਾਖੀ ਆਉਂਦੀ ਹੈ ਤੇ ਇਹ ਉਹ ਹੀ ਦਿਨ ਹੈ ਜਦ ਬਿਜਲੀ ਦੀਆਂ ਅੱਖਾਂ ਨੂੰ ਚੁੰਧਿਆਉਣ ਵਾਲੀ ਚਮਦੀ ਤਲਵਾਰ ਹੱਥ ਵਿਚ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਦੀ ਪਰਖ ਕਰਨ ਲਈ ਸੀਸ ਪੇਟ ਕਰਨ ਦੀ ਮੰਗ ਕੀਤੀ ਸੀ। ਇਹ ਮਜ਼ਹਬਾਂ ਦੇ ਇਤਿਹਾਸ ਵਿਚ ਪਹਿਲਾ ਦਿਨ ਸੀ, ਜਦ ਕਿਸੇ ਮਤ ਦੇ ਆਗੂ ਨੇ ਕਿਸੇ ਲਾਲਚ ਦੀ ਕਸਵੱਟੀ ਨਾਲ ਨਹੀਂ ਸਗੋਂ ਤਲਵਾਰ ਦੀ ਧਾਰ ਦੀ ਪਰਖ ਨਾਲ ਸਚਿਆਰਾਂ ਨੂੰ ਨਖੇੜਨ ਦੀ ਕਰੜੀ ਅਜ਼ਮਾਇਸ਼ ਕੀਤੀ ਹੋਵੇ। ਗੁਰੂ ਦੇ ਹੁਕਮ ਵਿਚ ਆਪਾ ਵਾਰਨ ਵਾਲੇ ਸਿਖ ਤਲਵਾਰ ਚੁੰਮਣ ਲਈ ਉੱਠੇ ਤੇ ਬੜੀ ਮਿਠੀ ਸੁਰ ਵਿਚ ਇਹ ਗਾਵੇਂ ਜੋ ਉਨ੍ਹਾਂ ਦੇ ਮਸਤਕ ਤੋਂ ਦੀਪਤ ਹੋ ਰਿਹਾ ਸੀ:-

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ।।**

**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ।।**

ਇਹ ਖਾਲਸੇ ਦਾ ਜਨਮ ਸੀ। ਇਸ ਤੋਂ ਅਗੇ ਇਤਿਹਾਸ ਪੜ੍ਹੋ, ਖਾਲਸੇ ਨੇ ਜਨਮ ਲੈ ਕੇ ਆਪਣੇ ਆਪ ਨੂੰ ਸੋਧਿਆ, ਰਾਜਯੋਗੀ ਬਣ ਗਿਆ। ਆਪ ਸਾਈਂ ਰੱਬ ਨਾਲ ਜੋੜ ਲਿਆ ਤੇ ਸੁੱਚਾ ਉੱਚਾ ਤੇ ਜੁੜਿਆ (ਜ਼ੋਗੀ) ਹੋ ਕੇ ਇਸਨੇ ਦੀਨਾਂ ਦੇ ਸੰਕਟ ਕਟੇ, ਅਨਾਥਾਂ ਦੇ ਸਿਰ ਤੇ ਹਥ ਰਖਿਆ, ਜ਼ਾਲਮਾਂ ਦੀ ਸੋਧ ਲਈ ਤਤੇ ਰਣਾਂ ਵਿਚ ਉਭਰਿਆ ਤੇ ਸੰਸਾਰ ਦੇ ਇਤਿਹਾਸ ਵਿਚ ਕਰਾਮਾਤੀ ਤਬਦੀਲੀ ਕਰ ਵਿਖਾਈ। ਹੇ ਖਾਲਸਾ ਅਜ ਤੇਰੀ ਵਰ੍ਹੇ ਗੰਢ ਹੈ ਤੇ ਤੂੰ ਘੂਕ ਸੁੱਤਾ ਪਿਆ ਹੈ?

**ਉਠ! ਉਠ!! ਉਠ!!**

ਖਾਲਸਾ! ਉਠ ਜਾਗ! ਅੱਖੀਆਂ ਖੋਲ੍ਹ ਤੇ ਵੇਖ`ਅੱਜ ਤੈਨੂੰ ਚਾਰੇ ਪਾਸਿਆਂ ਤੋਂ ਉਜਾੜੇ ਦੇ ਦੂਤਾਂ ਨੇ ਘੇਰ ਰਖਿਆ ਹੈ ਅਤੇ ਫੁੱਟ ਦੇ ਹਰਕਾਰਿਆਂ ਨੇ ਤੇਰੇ ਘਰ ਵਿਚ ਖੋਰੂ ਪਾ ਦਿੱਤਾ ਹੈ। ਸਵਾਰਥ ਤੇ ਮੈਨੂੰ ਕੀ ਦੇ ਭੂਤਾਂ ਨੇ ਤੇਰਾ ਜੀਵਨ ਨਦੀ ਕਿਨਾਰੇ ਰੁਖੜਾ ਬਣਾ ਦਿੱਤਾ ਹੈ। ਉਠ! ਉਠ!! ਆਪਦੀ ਸ਼ਾਨ ਵਿਚ ਉਠ! ਚੜ੍ਹਦੀਆਂ ਕਲਾਂ ਵਿਚ ਉਠ, ਖਾਲਸੇਈ ਔਜ਼ ਤੇ ਖਾਲਸੇਈ ਮੌਜ਼ ਵਿਚ ਉਠ, ਆਪਣੀ ਹਾਲਤ ਵਲ ਵੇਖ। ਸੁਤਿਆਂ ਸੁਤਿਆਂ ਤੂੰ ਆਪਣਾ ਸਰੂਪ ਭੁਲ ਰਿਹਾ ਹੈਂ, ਆਪਣਾ ਬਲ ਵਿਸਾਰ ਦਿੱਤਾ ਈ, ਬਜ਼ੁਰਗਾਂ ਦੀ ਕੀਰਤੀ ਤੋਂ ਅਨਜਾਣ ਹੋ ਬੈਠਾ ਹੈਂ। ਇਸ ਨੀਂਦਰ ਨੇ ਤੈਨੂੰ ਕੱਖੋਂ ਹੌਲਾ ਕਰ ਦਿੱਤਾ ਹੈ। ਤੇਰਾ ਰਾਜ ਗਿਆ, ਭਾਗ ਗਿਆ, ਐਸੁਵਰਜਯ ਗਿਆ, ਪ੍ਰਤਾਪ ਗਿਆ, ਇੰਨਾ ਕੁਛ ਗਿਆ ਕਿ ਹੁਣ ਤੇਰੀ ਹੋਂਦ ਦੇ ਲਾਲੇ ਪੈ ਰਹੇ ਹਨ, ਤੇ ਹੁਣ ਕੀੜੀਆਂ ਵੀ ਤੇਰੀ ਅਣਖ ਨੂੰ ਵੰਗਾਰ ਰਹੀਆਂ ਹਨ, ਮੱਛਰ ਤੇ ਮਖੀਆਂ ਵੀ ਤੇਰੀ ਗੈਰਤ ਨੂੰ ਲਲਕਾਰ ਰਹੀਆਂ ਹਨ।

ਦੂਲਿਆ! ਤੂੰ ਉਹ ਹੀ ਹੈਂ ਜਿਸਦੇ ਇਕ ਇਕ ਫਰਦ ਨੇ ਬਨਾਰਸ ਦੇ ਬਾਜ਼ਾਰਾਂ, ਸੰਗਲਾ ਦੀਪ ਦੇ ਰਾਜ ਦਰਬਾਰਾਂ ਤੇ ਕਸ਼ਮੀਰ ਦੀਆਂ ਪੰਡਿਤਾਂ ਦਾਇਰਿਆਂ ਵਿਚ ਸਿੱਖੀ ਦੀ ਭਗਤੀ ਅਤੇ ਜੋਗ ਤੇ ਫਲਸਫੇ ਦੀ ਧਾਂਕ ਬਿਠਾਈ ਸੀ! ਤੂੰ ਉਹ ਹੀ ਹੈਂ ਜਿਸਦੇ ਸ੍ਰੇਸ਼ਟਾਚਾਰ ਦੀ ਉਗਾਹੀ ਫਾਰਸੀ ਵਿਚ ਲਿਖਣ ਵਾਲੇ ਮੁਵਰਖ ਦਿੰਦੇ ਹਨ, ਤੂੰ ਉਹੀ ਹੈਂ, ਜਿਸ ਦੇ ਨੌਜਵਾਨਾਂ ਦੀਆਂ ਘੋੜਿਆਂ ਦੀਆਂ ਵਾਗਾਂ ਮੋੜਨ ਵਾਲਾ ਇਸ ਭੂਮੰਡਲ ਵਿਚ ਕੋਈ ਨਹੀਂ ਸੀ ਦੀਂਹਦਾ ਤੂੰ ਉਹ ਹੀ ਹੈਂ ਜਿਸਦੀ ਨੀਤਗਯਤਾ ਤੇ ਬੀਰਤਾ ਦਾ ਹਾਲ ਸੁਣ ਈਰਾਨ ਵਿਚ ਬੈਠੇ ਪਾਤਸ਼ਾਹਾਂ ਦੇ ਦਿਲਾਂ ਨੂੰ ਹੌਲ ਪੈਂਦਾ ਸੀ। ਰੂਸ ਤੇ ਰੂਮ ਦੇ ਹਰਕਾਰੇ ਤੇਰੇ ਇਕ ਅੱਖ ਵਾਲੇ ਮਹਾਰਾਜੇ ਦੇ ਦਰਬਾਰ ਵਿਚ ਆਉਂਦੇ ਸੇ। ਅਜ ਤੈਨੂੰ ਕੀ ਹੋ ਗਿਆ ਹੈ? ਤੇਰੇ ਚੇਹਰੇ ਦੀ ਉਹ ਰੰਗਤ ਹੀ ਨਹੀਂ ਰਹੀ, ਤੇਰਾ ਉਹ ਜਲਾਲ ਨਜ਼ਰੀਂ ਨਹੀਂ ਪੈਂਦਾ, ਤੇਰੇ ਲਛਣ ਹੀ ਹੋਰ ਦੇ ਹੋਰ ਹੋ ਗਏ ਹਨ। ਉਠ, ਉਠ, ਹੁਣ ਤਾਂ ਪਾਣੀ ਸਿਰੋਂ ਲੰਘ ਚਲਿਆ ਈ।

ਤੂੰ ਬੜੇ ਬੜੇ ਕਸ਼ਟਾਂ ਦੇ ਦਿਨ ਦੇਖੇ ਹਨ, ਅਨੇਕਾਂ ਵਾਰੀ ਖ਼ੂਨੀ ਹੋਲੀ ਖੇਡੀ ਹੈ, ਵੈਰੀਆਂ ਦੀਆਂ ਆਸਾਂ ਤੇ ਉਮੈਦਾਂ ਨਾਲੋਂ ਵਧ ਚੜ੍ਹਕੇ ਸੀਸ ਕਟਵਾਏ ਹਨ, ਪਰ ਤੈਨੂੰ ਅਜਿਹਾ ਉਦਾਸ ਤੇ ਨਿਰਾਸ਼ ਕਦੇ ਨਹੀਂ ਡਿੱਠਾ ਸੀ, ਜਿਹਾ ਕਿ ਅਜ ਦਿਸ ਰਿਹਾ ਹੈਂ। ਤੂੰ ਅਜਿਹਾ ਦਿਲ ਕਦੇ ਨਹੀਂ ਛਡਿਆ ਸੀ, ਜਿਹਾ ਕਿ ਹੁਣ ਛਡੀ ਬੈਠਾ ਹੈਂ। ਉਠ ਜਾਗ, ਆਪਣੇ ਸਰੂਪ ਦਾ ਚਿੰਤਨ ਕਰ, ਆਪਣੇ ਬਲਕਾਰ ਨੂੰ ਧਾਰ, ਆਪਣੇ ਵਡਿਆਂ ਦੇ ਕਾਰਨਾਮੇ ਯਾਦ ਕਰ ਤੇ ਮੈਦਾਨ ਵਿਚ ਆ।

ਸੁਖੀ ਹੋਣ ਦੇ ਚਾਹਵਾਨ ਦਿਲ ਵਾਲੇ ਉਠ, ਆਪਣੇ ਸਿਰ ਵਿਚ ਉਹ ਹੀ ਮਸਤੀ ਲਿਆ, ਜਿਸ ਦੇ ਨਾਲ ਕਿ ਤੂੰ ਹਿੰਦ ਨੂੰ ਹੋਸ਼ ਵਿਚ ਲਿਆ ਦਿੱਤਾ ਸੀ। ਆਪ ਉਤਸ਼ਾਹ ਵਿਚ ਆ ਤੇ ਦੂਜਿਆਂ ਦੇ ਦਿਲ ਵਿਚ ਵੀ ਧੜਕਣ ਲਾ, ਆਪਣੇ ਨਾਅਰੇ ਦੀ ਗਰਮੀ ਨਾਲ ਸੰਸਾਰ ਨੂੰ ਜਿਵਾ ਦੇਹ ਤੇ ਆਪਣੇ ਦਿਲ ਦੇ ਜੋਸ਼ ਨਾਲ ਸਮੁੰਦਰਾਂ ਵਿਚ ਉਬਾਲ ਲਿਆ ਦੇ।

ਤੂੰ ਦੂਜਿਆਂ ਦੇ ਹਥਾਂ ਵਲ ਕਿਉਂ ਵੇਖ ਰਿਹਾ ਹੈ? ਦੁਨੀਆਂ ਵਿਚ ਕੌਣ ਕਿਸ ਦੀ ਸੁਣਦਾ ਹੈ? ਆਲਸ, ਸੁਸਤੀ ਤੇ ਨੀਂਦਰ ਵਿਚ ਸਭ ਕੁਝ ਗਵਾਕੇ ਵੀ ਤੈਨੂੰ ਜ਼ਮਾਨੇ ਦੀ ਬਦਲੀ ਹੋਈ ਰੰਗਤ ਨਹੀਂ ਦੀਹਦੀ, ਆਪਣੀ ਹਿੰਮਤ ਤੇ ਬਲਕਾਰ ਤੋਂ ਵੀ ਕੁਛ ਕੰਮ ਲੈ, ਤੂੰ ਕਦ ਤਕ ਇੰਜ ਗਾਫ਼ਲ ਬਣਕੇ ਪਿਆ ਰਹੇਂਗਾ, ਤੇਰੀ ਤਬਾਹੀ ਵਿਚ ਹੁਣ ਕੋਈ ਕਸਰ ਬਾਕੀ ਨਹੀਂ ਰਹੀ।

ਉਠ! ਉਠ!! ਹੁਣ ਕੌਮ ਦੀ ਆਨ ਤੇ ਸ਼ਾਨ ਇਸ ਗਲ ਦੀ ਮੰਗ ਕਰਦੀ ਹੈ ਕਿ ਮੁਸੀਬਤਾਂ ਝਲ, ਕਸ਼ਟ ਉਠਾ, ਪਰ ਸਿੱਖੀ ਦੀ ਆਨ ਨੂੰ ਬਚਾ ਲੈ।

ਖਾਲਸਾ ਅਜ ਤੇਰੀ ਵਰ੍ਹੇ ਗੰਢ ਹੈ, ਜਾਗ, ਉਠ ਤੇ ਆਪਣੇ ਕੌਮੀ ਗੁਣਾਂ ਨੂੰ ਸੰਭਾਲ।

**ਉਠ! ਨਾਮ ਬਾਣੀ ਭਜਨ ਤੇ ਬੰਦਗੀ ਵਿਚ ਲਗਦੇ ਜਨਮ ਜਿਤ ਲੈ।**

**ਉਠ! ਵੇਖ ਸੰਸਾਰ ਦੁਖੀ ਹੋ ਤੜਪ ਰਿਹਾ ਹੈ, ਜੀਅ ਦਾਨ ਦੇਣ ਲਈ ਤਤਪਰ ਹੋ।**

ਉਠ! ਮਜ਼ੂਬ ਵਲੋਂ ਗਿਲਾਨੀ ਹੋ ਕੇ ਨਾਸਤਕਤਾ ਦੀ ਲਹਿਰ ਵਿਚ ਰੁੜ੍ਹਦੀ ਦੁਨੀਆਂ ਨੂੰ ਸਰਬ ਸੁਖਦਾਈ ਤੇ ਸੰਕਟ ਹਰਨ ਖਾਲਸਾ ਧਰਮ ਵਿਚ ਲਿਆਉਣ ਲਈ ਕਮਰਕੱਸੇ ਕਰ।

ਉਠ! ਉਠ!! ਤੇਰਾ ਜੀਵਨ ਸੰਸਾਰ ਦੇ ਜੀਵਾਂ ਦੇ ਸੁਖ ਲਈ ਸੀ, ਜਥੇਬੰਦ ਹੋ ਕੇ ਜੀਵਾਂ ਨੂੰ ਸੁਖ ਦੇਣ ਲਈ ਸੇਵਾ ਵਿਚ ਲਗ ਜਾ। ਤੈਨੂੰ ਸਤਿਗੁਰੂ ਨੇ ਪ੍ਰੇਮ ਦਾ ਹਰਕਾਰਾ ਬਣਾਇਆ ਹੈ। ਸਾਰੇ ਪ੍ਰੇਮ ਦਾ ਪਰਚਾਰ ਕਰ ਦੇ।

# ਖ਼ਾਲਸਾ ਹੋਣ ਦਾ ਵਿਸ਼ਵਾਸ਼



ਵੇਦ ਅਨੁਯਾਈਆ ਦੀ ਦਸ਼ਾ ਵਿਗੜੀ, ਬ੍ਰਾਹਮਣੀ ਮਤ ਦਾ ਸ਼ੀਰਾਜ਼ਾ ਟੁਟਾ, ਜੈਨੀ ਖੇਰੂ ਖੇਰੂ ਹੋ ਗਏ ਤੇ ਉਹ ਬੁਧਿਸਟ ਜਿਨ੍ਹਾਂ ਦੀ ਦਿਗਵਿਜੇ ਦਾ ਨਾਦ ਕੰਨਿਆ ਕੁਮਾਰੀ ਤੋਂ ਲੈ ਕੇ ਕੰਧਾਰ ਦੀਆਂ ਕੰਧਾਂ ਤਕ ਸੁਣਾਈ ਦੇਂਦਾ ਸੀ, ਇਕ ਨਿਕੇ ਜਿਹੇ ਝਟਕੇ ਨਾਲ ਹੀ ਹਿੰਦ ਵਿਚੋਂ ਅਜਿਹੇ ਮਿਟ ਗਏ ਕਿ ਉਨ੍ਹਾਂ ਦਾ ਨਾਮ-ਲੇਵਾ ਤਕ ਇਥੇ ਕੋਈ ਨਾ ਰਿਹਾ। ਪਰ ਸਿੱਖਾਂ ਤੇ ਜ਼ੁਲਮ ਦੀਆਂ ਹਨੇਰੀਆਂ ਚਲੀਆਂ, ਝੱਖੜ ਆਏ, ਤੂਫ਼ਾਨ ਉਠੇ, ਬੱਦਲ ਗੱਜੇ, ਬਿਜਲੀਆਂ ਕੜਕੀਆਂ, ਕਹਿਰ ਦੇ ਗੜੇ ਪਏ, ਦਿਕਤਾਂ ਆਈਆ, ਦੁਖਾਂ ਦੇ ਕੜ ਟੁਟੇ ਤੇ ਕਲੇਸ਼ਾਂ ਦੇ ਪਹਾੜ ਢੱਠੇ, ਸੀਨੇ ਬਸੀਨੇ ਆਈਆਂ ਰਵਾਇਤਾਂ ਤੇ ਇਤਿਹਾਸ ਵਿਚ ਲਿਖੀਆਂ ਹਕਾਇਤਾਂ ਇਕ ਜ਼ੁਬਾਨ ਹੋ ਦਸਦੀਆਂ ਹਨ ਕਿ ਕੁਠਾਲੀ ਪਏ ਸੋਨੇ ਵਾਂਗ ਇਨ੍ਹਾਂ ਔਕੜਾਂ ਵਿਚੋਂ ਖਾਲਸਾ ਆਪਣੀ ਪਹਿਲੀ ਸ਼ਾਨ ਨਾਲ ਨਿਕਲਿਆ ਤੇ ਅਹਿੱਲ ਤੇ ਸਲਾਮਤੀ ਦੀ ਚਟਾਨ ਤੇ ਖੜੋਤਾ ਦਿਸਿਆ।

ਉਹ ਇਕ ਗਲ ਜਿਸ ਨੇ ਸਿੱਖਾਂ ਨੂੰ ਇਨ੍ਹਾਂ ਕਹਿਰਾਂ ਦੀਆਂ ਕਰੜਾਈਆਂ ਵਿਚੋਂ ਸਹੀ ਸਲਾਮਤ ਕਢਿਆ, ਉਹ ਸੀ ਖਾਲਸੇ ਨੂੰ **ਵਾਹਿਗੁਰੂ ਜੀ ਕਾ ਖਾਲਸਾ** ਹੋਣ ਦਾ ਦ੍ਰਿੜ ਨਿਸ਼ਚਾ।

ਇਤਿਹਾਸ ਸਾਖੀ ਹੈ ਕਿ ਖਾਲਸੇ ਨੂੰ ਵਾਹਿਗੁਰੂ ਦਾ ਖਾਲਸਾ ਹੋਣ ਤੇ ਇੰਨਾਂ ਦ੍ਰਿੜ ਵਿਸ਼ਵਾਸ਼ ਸੀ ਕਿ ਤਤੇ ਰਣਾਂ ਵਿਚ ਤੇ ਠੰਢੇ ਘਰਾਂ ਵਿਚ ਖਾਲਸੇ ਨੇ ਇਸ ਮੰਤ੍ਰ ਨੂੰ ਅਜਿਹਾ ਘੋਖਿਆ ਕਿ ਘੋੜਿਆਂ ਦੀਆਂ ਟਾਪਾਂ ਦੀ ਖੜਕਾਰ, ਤਲਵਾਰ ਦੀ ਛਣਕਾਰ, ਤੋਪਾਂ ਦੇ ਗੋਲਿਆਂ ਦੀ ਠਣਕਾਰ ਤੇ ਘਰਾਂ ਵਿਚ ਬਾਲਾਂ ਬੱਚਿਆਂ ਦਾ ਪਿਆਰ ਉਨ੍ਹਾਂ ਦੀਆਂ ਬਿਰਤੀਆਂ ਨੂੰ ਨਾ ਤੋੜ ਸਕਿਆ। ਖਾਲਸਾ ਵਾਹਿਗੁਰੂ ਦੇ ਵਾਸਤੇ। ਖਾਲਸੇ ਵਿਚ ਮੈਂ ਮੇਰੀ ਨਹੀਂ ਰਹੀ ਸੀ, ਹੰਕਾਰ ਨਹੀਂ ਸੀ। ਜਦ ਖਾਲਸਾ ਵਾਹਿਗੁਰੂ ਦਾ ਹੋ ਗਿਆ ਤਦ ਵਾਹਿਗੁਰੂ ਦਿਆਂ ਨਾਲ ਹੀ ਉਹਦਾ ਪਿਆਰ ਤੇ ਵਾਹਿਗੁਰੂ ਦਿਆਂ ਨਾਲ ਹੀ ਉਹਦਾ ਵਿਹਾਰ ਸੀ। ਇਨ੍ਹਾਂ ਦਾ ਆਸ਼ਾ ਇਕ, ਇਸ਼ਟ ਇਕ, ਉਪਾਸ਼ਨਾ ਇਕ, ਖਾਣ ਇਕ, ਪਹਿਨਣ ਇਕ, ਰਹਿਤ ਇਕ, ਬਹਿਤ ਇਕ, ਸੁਖ ਇਕ ਤੇ ਦੁਖ ਇਕ ਸੀ। ਇਸ ਏਕਤਾ ਵਾਲੇ ਲਗਾਓ ਨੇ ਇਨ੍ਹਾਂ ਦੀ ਆਪੋ ਵਿਚ ਵੀ ਆਰਗੇਨਾਈਜੇਸ਼ਨ (ਜਥੇਬੰਦੀ) ਤੇ ਇਨ੍ਹਾਂ ਦੇ ਮੇਲ ਨੂੰ ਅਜਿਹਾ ਪੱਕਾ ਕਰ ਦਿਖਾਇਆ ਕਿ ਉਨ੍ਹਾਂ ਨੂੰ ਸੰਸਾਰ ਦੀ ਕੋਈ ਤਾਕਤ ਅੱਡ ਨਾ ਕਰ ਸਕੀ। ਪੰਥ ਦੀ ਭਲਿਆਈ ਦੇ ਸਾਂਝੇ ਕੰਮਾਂ ਤੇ ਕੌਮੀ ਬਿਹਤ੍ਰੀ ਦੇ ਮਾਮਲਿਆਂ ਵਿਚ ਸਿੱਖਾਂ ਨੂੰ ਸਦਾ ਇਕ ਰਖਯਾ, ਕੌਮ ਦੀ ਹਾਨੀ ਹੁੰਦੀ ਵੇਖਕੇ ਸਾਰੇ ਛਾਤੀਆਂ ਤਾਣ ਇਕ ਦੂਜੇ ਤੋਂ ਅਗੇ ਵਧਕੇ ਕੁਰਬਾਨੀ ਲਈ ਖੜੇ ਹੋਏ ਦਿਸਦੇ ਰਹੇ ਤੇ ਦੁਸ਼ਮਨ ਲਈ ਸਦੇ ਸਿਕੰਦਰੀ ਸਾਬਤ ਹੋਏ।

ਅਜ ਪੰਥ ਵਿਚੋ ਵਾਹਿਗੁਰੂ ਜੀ ਕਾ ਖਾਲਸਾ' ਪਦ ਦੇ ਅਰਥ ਤੇ ਭਾਵ ਸਮਝਣ ਤੇ ਸਮਝਾਉਣ ਦੀ ਡਾਢੀ ਲੋੜ ਹੈ ਤੇ ਪੰਥ ਦੀ ਭਲਿਆਈ ਤੇ ਸਾਡੀ ਕਲਿਆਨ ਇਸ ਪਦ ਦੇ ਭਾਵ ਨੂੰ ਸਮਝਕੇ ਇਸ ਤੇ ਦ੍ਰਿੜ੍ਹਤਾ ਨਾਲ ਖੜੇ ਹੋਣ ਵਿਚ ਹੈ।



# ਭਾਈ ਵੀਰ ਸਿੰਘ ਸਾਹਿਤ-ਸੰਸਾਰ

## ਯਾਦਾਂ ਦੇ ਝਰੋਖੇ ’ਚੋ..................

**ਗੰਦੀ ਨਾਲੀ ਵਾਲੇ ਸੰਗਤਰੇ:**ਇਕ ਵਾਰੀ ਦੀ ਗੱਲ ਹੈ ਕਿ ਭਾਈ ਸਾਹਿਬ ਹਾਲ ਬਾਜ਼ਾਰ ਆਪਣੇ ਮਕਾਨ ਪਰ ਖਿੜਕੀ ਵਿਚ ਖੜੇ ਸਨ, ਤੇ ਸਬਜ਼ੀ ਮੰਡੀ ਦੇ ਪਾਸੋਂ ਇਕ ਕੁਲੀ ਸਿਰ ਪੁਰ ਸੰਗਤਰਿਆਂ ਦਾ ਟੋਕਰਾ ਚੁੱਕੀ ਜਾ ਰਿਹਾ ਸੀ ਜੋ ਉਸ ਨੂੰ ਧਕਾ ਲੱਗਾ ਤੇ ਡਿਗ ਪਿਆ। ਸੰਗਤਰੇ ਸਾਰੇ ਕੋਈ ਸੜਕ ਪਰ ਕੋਈ ਗੰਦੀ ਨਾਲੀ ਵਿਚ ਜਾ ਪਏ। ਕੁਲੀ ਵਿਚਾਰਾ ਜਿਸ ਨੂੰ ਚਾਰ ਆਨੇ ਮਜੂਰੀ ਪਹੁੰਚਾਉਣ ਪਰ ਮਿਲਣੀ ਸੀ ਘਬਰਾਇਆ, ਅਤੇ ਸੰਗਤਰੇ ਇਕੱਠੇ ਕਰਨ ਲੱਗ ਪਿਆ। ਗੰਦੀ ਨਾਲੀ ਵਿਚੋਂ ਵੀ ਕੱਢ ਰਿਹਾ ਸੀ। ਆਪ ਨੇ ਦੇਖਿਆ ਖਿਆਲ ਕੀਤਾ ਜੋ ਇਹ ਇਕੱਠੇ ਕਰ ਕੇ ਲੈ ਜਾਵੇਗਾ, ਅਗੋਂ ਦੁਕਾਨਦਾਰ ਉਨ੍ਹਾਂ ਨੂੰ ਵੇਚੇਗਾ। ਖਰੀਦਣ ਵਾਲਿਆਂ ਨੂੰ ਕੀ ਪਤਾ। ਉਹ ਖਰੀਦ ਕੇ ਖਾਣਗੇ ਅਤੇ ਬੀਮਾਰੀ ਫੈਲੇਗੀ। ਆਪ ਨੇ ਭਾਈ ਇੰਦਰ ਸਿੰਘ ਨੇ ਭੇਜਿਆ ਕਿ ਉਸ ਨੂੰ ਮਨਾ ਕਰੇ ਕਿ ਇਹ ਸੰਗਤਰੇ ਇੱਕਠੇ ਨਾ ਕਰੇ। ਜਿਤਨੀ ਕੀਮਤ ਦੇ ਹਨ, ਅਸੀਂ ਕੀਮਤ ਦੇ ਦੇਂਦੇ ਹਾਂ। ਮਾਲਕ ਨੂੰ ਕੀਮਤ ਦੇ ਦੇਵੇ। ਜਾਂ ਉਤਨੇ ਹੀ ਸੰਗਤਰੇ ਹੋਰ ਖਰੀਦ ਕੇ ਲੈ ਜਾਵੇ। ਕੁਲੀ ਨਾ ਮੰਨੇ ਕਿ ਮੈਂ ਮਾਲਕ ਨੂੰ ਕੀ ਆਖਾਂਗਾ। ਭਾਈ ਸਾਹਿਬ ਜੀ ਆਪ ਗਏ ਅਤੇ ਸਾਰੀ ਗੱਲ ਉਸ ਨੂੰ ਸਮਝਾਈ। ਕੀਮਤ ਉਸ ਨੇ ਲੈ ਲਈ, ਪਰ ਬੜਾ ਹੈਰਾਨ ਜੋ ਇਹ ਕਿਸ ਤਰ੍ਹਾਂ ਦੇ ਆਦਮੀ ਹਨ। ਬਿਨ੍ਹਾਂ ਕਿਸੇ ਮਤਲਬ ਦੇ ਖਰਚ ਕਰ ਰਹੇ ਹਨ। ਭਾਈ ਸਾਹਿਬ ਜੀ ਨੇ ਉਹ ਸਾਰੇ ਸੰਗਤਰੇ ਕੂੜੇ ਵਿਚ ਸੁਟਵਾ ਦਿੱਤੇ।

**ਸਾਗ ਵਾਲੀਆਂ ਜੱਟੀਆਂ:** ਇਕ ਦਿਨ ਭਾਈ ਸਾਹਿਬ ਸਵੇਰੇ ਆਪਣੀ ਕੋਠੀ ਦੇ ਅੰਦਰ ਸੈਰ ਕਰ ਰਹੇ ਸਨ ਤਾਂ ਗੇਟ ਦੇ ਬਾਹਰ ਆਪ ਨੇ ਦੇਖਿਆ ਕਿ ਜੱਟੀਆਂ ਖੇਤਾਂ ਵਿਚੋਂ ਸਰਿਉਂ ਦੀਆ ਗੰਦਲਾਂ ਦੀਆ ਪੰਡਾਂ ਸ਼ਹਿਰ ਵੇਚਣ ਲਈ ਲੈ ਜਾ ਰਹੀਆਂ ਹਨ। ਸਾਹ ਕਢਣ ਲਈ ਪੰਡਾਂ ਲਾਹ ਕੇ ਪੁਲ ਉਪਰ ਰਖੀਆਂ। ਆਪ ਨੇ ਬਾਹਰ ਜਾ ਕੇ ਦੇਖਿਆ, ਗੰਦਲਾਂ ਡਾਢੀਆਂ ਸੋਹਣੀਆਂ ਸਨ। ਕੀਮਤ ਪੁਛੀ ਜੋ ਉਨ੍ਹਾਂ ਨੇ ਮੰਗਿਆ ਆਪ ਨੇ ਦੇ ਕੇ ਦੋਵੇਂ ਗੰਢਾਂ ਖਰੀਦ ਲਈਆਂ। ਜੱਟੀਆਂ ਬੜੀਆਂ ਖੁਸ਼ ਹੋਈਆਂ ਕਿਉਂਕਿ ਉਨ੍ਹਾਂ ਨੇ ਇਹ ਭਾਰ ਚੁਕ ਕੇ 3-4 ਮੀਲ ਹੋਰ ਚਲਣਾ ਸੀ ਅਤੇ ਮੰਡੀ ਵਿਚ ਵੇਚਣ ਲਈ ਵੀ ਵਕਤ ਲਗਣਾ ਸੀ। ਇਹ ਵੀ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਥੇ ਕੀ ਵਟਿਆ ਜਾਵੇਗਾ। ਮੂੰਹ ਮੰਗੇ ਪੈਸੇ ਲੈ ਕੇ ਇਥੋਂ ਹੀ ਘਰ ਮੁੜ ਗਈਆਂ। ਅਸੀਸਾਂ ਦੇ ਰਹੀਆਂ ਸਨ, ‟ਵੀਰਾ ਤੇਰਾ ਭਲਾ ਹੋਵੇ”। ਭਾਈ ਸਾਹਿਬ ਨੇ ਆਪਣੀ ਅਰਧੰਗੀ ਨੂੰ ਕਿਹਾ ਕਿ ਇਨ੍ਹਾਂ ਨੂੰ ਚਾਹੜੋ, ਦੋ ਡੰਗ ਕਰ ਲਵਾਂਗੇ ਅਤੇ ਕੁਝ ਆਚਾਰ ਪਾ ਦੇਵੋ। ਦੂਜੇ ਦਿਨ ਉਸੀ ਵੇਲੇ ਉਹ ਜੱਟੀਆਂ ਫਿਰ ਆ ਗਈਆਂ। ਅਜ ਚਾਰ ਪੰਡਾਂ ਸਨ। ਸਾਰੀਆਂ ਹੀ ਆਖਣ‟ਵੀਰਾ ਮੇਰੀ ਪੰਡ ਜ਼ਰੂਰ ਲਵੋ, ਕੱਲ੍ਹ ਇਨ੍ਹਾਂ ਪਾਸੋਂ ਲਈ ਸੀ ਅੱਜ ਮੇਰੀ ਪੰਡ ਲਵੋ।”ਕੱਲ੍ਹ ਵਾਲੀਆਂ ਜੱਟੀਆਂ ਆਪਣਾ ਹੱਕ ਜਤਲਾਵਣ। ਤਰਸਵਾਨ ਭਾਈ ਸਾਹਿਬ ਨੇ ਚਾਰੋਂ ਪੰਡਾਂ ਖਰੀਦ ਲਈਆਂ। ਜੱਟੀਆਂ ਬੜੀਆਂ ਅਸੀਸਾਂ ਦੇਂਦੀਆਂ ਵਿਹਲੀਆਂ ਹੋ ਕੇ ਘਰ ਚਲੀਆਂ ਗਈਆਂ। ਭਾਈ ਸਾਹਿਬ ਦੇ ਘਰੋਂ ਕਹਿਣ, ਤੁਸੀ ਇਤਨਾ ਸਾਗ ਹੋਰ ਲੈ ਲਿਆ ਹੈ, ਮੇਰਾ ਕੌਣ ਸੰਭਾਲੇ। ਆਪ ਨੇ ਸਾਗ ਸੁਕਾਣ ਲਈ ਕਹਿ ਦਿੱਤਾ। ਤੀਜੇ ਦਿਨ ਪਿੰਡ ਵਿਚ ਗੱਲ ਫੈਲ ਗਈ ਜੋ ਕੋਈ ਭਾਗਵਾਨ ਵੀਰ ਹੈ ਜੋ ਆਪੇ ਰਸਤੇ ਵਿਚ ਹੀ ਸਾਰਾ ਸਾਗ ਮੁਲ ਖਰੀਦ ਲੈਂਦਾ ਹੈ। ਜੋ ਮੂੰਹ ਤੋਂ ਮੰਗੋ ਦੇ ਦੇਂਦਾ ਹੈ। ਅਗਲੇ ਦਿਨ ਬਹੁਤ ਸਾਰੀਆਂ ਜਟੀਆਂ ਆ ਗਈਆਂ। ਮਿਨਤਾਂ ਕਰਨ ਕਿ ਸਾਗ ਲੈ ਲਵੋ। ਆਪ ਕਹਿਣ ਕਿ ਇਤਨਾ ਸਾਗ ਕੀ ਕਰਨਾ ਹੈ। ਹੋਰ ਨਹੀਂ ਚਾਹੀਦਾ। ਕਹਿਣ ਲਗੀਆਂ ਕਿ ਉਹ ਤਾਂ ਅੱਜ ਹੀ ਆਈਆਂ ਹਨ, ਕੁਝ ਤਾਂ ਸਾਡਾ ਭਾਰ ਹਲਕਾ ਕਰਵਾ ਦਿਉ, ਵੀਰਾ ਤੇਰਾ ਭਲਾ ਹੋਸੀ। ਆਪ ਹਸਣ ਅਤੇ ਉਹ ਮਿੰਨਤਾਂ ਕਰਨ। ਆਪ ਨੇ ਥੋਹੜਾ ਥੋਹੜਾ ਸਾਰੀਆਂ ਪਾਸੋਂ ਸਾਗ ਲਿਆ, ਆਪ ਖੁਸ਼ੀ ਖੁਸ਼ੀ ਸਾਗ ਲੈ ਕੇ ਅੰਦਰ ਆਏ। ਘਰਵਾਲੀ ਨੇ ਫਿਰ ਕਿਹਾ ਜੀਉ, ਦਸੋ ਇਤਨਾਂ ਸਾਗ ਕੀ ਕਰਾਂਗੇ। ਆਪ ਨੇ ਕਿਹਾ ਕਿ ਤੁਸੀਂ ਦੇਖਿਆ ਨਹੀਂ ਜਦੋਂ ਵੁਹ ਲਿਲਕ ਲਿਲਕ ਤੇ ਤਰਲੇ ਕਰਦੀਆਂ ਸਨ। ਵੀਰਾ ਥੋਹੜਾ ਮੇਰਾ ਬੋਝ ਵੀ ਹਲਕਾ ਕਰਵਾ। ਤੁਸੀਂ ਉਨ੍ਹਾਂ ਦੇ ਚਿਹਰੇ ਨਹੀਂ ਦੇਖੇ। ਮੇਰੇ ਤੋਂ ਨਹੀਂ ਰਿਹਾ ਜਾਂਦਾ। ਫਿਰ ਅਸੀਸਾਂ ਦੇਂਦੀਆਂ ਹਨ। ਅੱਜ ਕਹਿ ਦਿੱਤਾ ਹੈ, ਹੁਣ ਅਗੋਂ ਅਸੀਂ ਨਹੀਂ ਲਵਾਂਗੇ। ਕੱਲ੍ਹ ਤੋਂ ਨਹੀਂ ਆਵਣਗੀਆਂ। ਤੁਸੀ ਇਹ ਆਂਢ ਗੁਆਂਢ ਵੰਡ ਦੇਵੋ। ਮਾਲੀ, ਗਵਾਲਾ, ਚੌਕੀਦਾਰ, ਹੋਰ ਜਿਸ ਜਿਸ ਨੂੰ ਦੇਣਾ ਹੈ ਵੰਡ ਦੇਵੋ।

# ਅਮਰੀਕਾ ਦੇ ਵਿਕਾਸ ਵਿਚ ਸਿੱਖਾਂ ਵਲੋਂ ਨਿਭਾਈ ਭੂਮਿਕਾ ਦੀ ਪ੍ਰਸੰਸਾ

## ਅਮਰੀਕੀ ਕਾਂਗਰਸ ’ਚ ਵਿਸਾਖੀ ‘ਰਾਸ਼ਟਰੀ ਸਿੱਖ ਦਿਵਸ’ ਵਜੋਂ ਮਨਾਉਣ ਦਾ ਮਤਾ

ਭਾਰਤੀ ਮੂਲ ਦੀ ਅਮਰੀਕੀ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਸਮੇਤ ਇਕ ਦਰਜਨ ਤੋਂ ਵੱਧ ਸੰਸਦ ਮੈਂਬਰਾਂ ਨੇ ਹਰ ਸਾਲ ਵਿਸਾਖੀ ਮੌਕੇ 14 ਅਪ੍ਰੈਲ ਨੂੰ ‟ਰਾਸ਼ਟਰੀ ਸਿੱਖ ਦਿਵਸ’ ਵਜੋਂ ਮਨਾਉਣ ਦਾ ਮਤਾ ਅਮਰੀਕੀ ਪ੍ਰਤੀਨਿਧੀ ਸਭਾ ’ਚ ਪੇਸ਼ ਕੀਤਾ ਹੈ। ਇਹ ਦੇਖਦੇ ਹੋਹੇ ਕਿ ਸਿੱਖ ਭਾਈਚਾਰਾ, ਜਿਸ ਨੇ ਅੱਜ ਤੋਂ 100 ਸਾਲ ਤੋਂ ਵੱਧ ਸਮਾਂ ਪਹਿਲਾਂ ਅਮਰੀਕਾ ’ਚ ਪ੍ਰਵਾਸ ਸ਼ੁਰੂ ਕੀਤੀ ਸੀ, ਨੇ ਅਮਰੀਕਾ ਦੇ ਵਿਕਾਸ ’ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਮਤਾ ਸੰਯੁਕਤ ਰਾਸ਼ਟਰ ਦੇ ਲੋਕਾਂ ਨੂੰ ਮਜਬੂਤ ਅਤੇ ਪ੍ਰੇਰਿਤ ਕਰਨ ’ਚ ਸਿੱਖ ਭਾਈਚਾਰੇ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਦਾ ਸਨਮਾਨ ਕਰਨ ਅਤੇ ਰਾਸ਼ਟਰੀ ਸਿੱਖ ਦਿਵਸ ਮਨਾਉਣ ਦੇ ਰੁਤਬੇ ਦਾ ਸਮਰਥਨ ਕਰਦਾ ਹੈ। ਕਾਂਗਰਸ ਵੁਮੈਨ ਮੇਰੀ ਸਕਾਲਨ ਦੁਆਰਾ ਲੰਘੀ 28 ਮਾਰਚ ਨੂੰ ਇਹ ਮਤਾ ਇਕ ਦਰਜ਼ਨ ਤੋਂ ਵੱਧ ਕੋ-ਸਪਾਂਸਰਡ ਪੇਸ਼ ਕਾਂਗਰਸ ਮੈਂਬਰਾਂ ਕੇਰਨ ਬਾਸ, ਪਾਓਲ ਟਾਂਕੋ, ਬ੍ਰੇਅਨ ਕੇ, ਫਿਟਜ਼ਪੈਟਰਿਕ, ਡੈਨੀਅਲ ਮਿਊਜ਼ਰ, ਏਕਿਤ ਸਵਾਲਵੈਲ, ਰਾਜਾ ਕਿਸ਼ਨਾਮੂਰਤੀ, ਡੋਨਾਲਡ ਨਾਰਕਰਾਸ, ਐਡਂਡੀਕਿਮ, ਜ਼ੌਹਨ ਗਰਾਮੈਂਡੀ, ਰਿਚਰਡ ਈ ਨੀਲ, ਬ੍ਰੇਂਡਨ ਐਫ, ਬਾਇਲ ਅਤੇ ਡੇਵਿਡ ਜੀ, ਵਲਾਦੋ ਦੀ ਮੌਜੂਦਗੀ ’ਚ ਪੇਸ਼ ਕੀਤਾ ਗਿਆ ਸੀ। ਜ਼ੌਹਨ ਗਰਾਮੈਂਡੀ ਅਤੇ ਡੇਵਿਡ ਵਲਾਦੋ ਦੋਵੇਂ ਸਿੱਖ ਕਾਕਸ ਦੇ ਸਹਿ- ਪ੍ਰਧਾਨ ਹਨ। ਇਸ ਮਤੇ ਦਾ ਸਿੱਖ ਕਾਕਸ ਦੇ ਸਹਿ-ਪ੍ਰਧਾਨ ਹਨ। ਇਸ ਮਤੇ ਦਾ ਸਿੱਖ ਕਾਕਸ ਕਮੇਟੀ, ਸਿੱਖ ਸਹਿ-ਤਾਲਮੇਲ ਕਮੇਟੀ ਅਤੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਭਰਪੂਰ ਸਵਾਗਤ ਕੀਤਾ ਗਿਆ ਹੈ।



# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਦਰਸ਼ਨ: ਸੰਤ ਸਿਪਾਹੀ ਦੇ ਸੰਦਰਭ ਵਿਚ

ਡਾ. ਜਸਬੀਰ ਸਿੰਘ ਸਾਬਰ



**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ।।**
**ਬ੍ਰਹਮ ਪਾਸਾਰੁ ਪਸਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ।।**

ਵਿਸ਼ਵ ਮਾਨਵ-ਸਮਾਜ ਵਡਭਾਗੀ ਹੈ ਕਿ ਵੀਹਵੀਂ ਸਦੀ ਦੇ ਅੰਤ ਤੋਂ ਹੁਣ ਤੱਕ ਉਸ ਨੂੰ ਦਸਮ ਗੁਰੂ ਜੀ ਦੇ ਪਰਉਪਕਾਰਾਂ ਨੂੰ ਸਮਰਣ ਕਰਨ ਲਈ 3 ਵਾਰ ਸ਼ਰਧਾਂਜਲੀ ਅਰਪਨ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ। ਪਹਿਲਾਂ ਸਾਲ 1999 ਵਿਚੋ ਖਾਲਸਾ ਸਿਰਜਨਾ’ ਦੀ ਤੀਸਰੀ ਸ਼ਤਾਬਦੀ ਸਮੇਂ ਦੂਜਾ ਸਾਲ 2008 ਵਿਚ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਸਮੇਂ ਅਤੇ ਤੀਜਾ ਸਾਲ 2017 ਦੀ ਆਰੰਭਤਾ ਹੁੰਦੇ ਹੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀਵਨ ਤੇ ਦਰਸ਼ਨ ਦਾ ਯੋਗਦਾਨ ਸੰਤ ਸਿਪਾਹੀ ਦੇ ਵਿਸ਼ੇਸ਼ ਸੰਦਰਭ ਵਿਚ ਜੋ ਆਮ ਤੌਰ ਤੇ ਦਸਮ ਪਿਤਾ ਦੇ ਜੁਝਾਰੂ ਰੂਪ ਨੂੰ ਹੀ ਉਜਾਗਰ ਕਰਨ ਤੱਕ ਸੀਮਤ ਰੱਖਿਆ ਜਾਂਦਾ ਹੈ ਹਾਲਾਂ ਕਿ ਇਸ ਦਾ ਸੰਦਰਭ ਨਿਵੇਕਲਾ ਹੈ। ਇਸ ਲਈ ਸੰਤ ਸਿਪਾਹੀ ਦੇ ਇਸ ਸੰਦਬਭ ਨੂੰ ਅਜੋਕੀਆਂ ਪ੍ਰਸਥਿਤੀਆਂ, ਸਮਾਜਿਕ ਜ਼ਿੰਮੇਵਾਰੀਆਂ ਤੇ ਸਮਕਾਲ ਦੀਆਂ ਚੁਣੌਤੀਆਂ ਸਨਮੁੱਖ ਹੱਥਲੇ ਲੇਖ ਵਿਚ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

ਮੇਰੀ ਅਲਪ ਬੁਧ ਅਨੁਸਾਰ ਇਸ ਸੰਦਰਭ ਵਿਚ 7 ਮੁੱਦੇ ਵਿਸ਼ੇਸ਼ ਰੂਪ ਵਿਚ ਵਿਚਾਰਨੇ ਜ਼ਰੂਰੀ ਲਗਦੇ ਹਨ।

1) ਦਸਮ-ਪਿਤਾ ਨੂੰ ਸੰਤ ਸਿਪਾਹੀ ਦਾ ਇਹ ਵਿਲਖਣ ਰੋਲ ਮਾਡਲ ਉਸਾਰਨ ਦੀ ਲੋੜ ਕਿਉਂ ਪਈ?
2) ਇਸ ਰੋਲ ਮਾਡਲ ਦੀ ਮੌਲਿਕਤਾ ਦੇ ਆਧਾਰ ਕੀ ਹਨ?
3) ਕੀ ਅਜਿਹਾ ਰੋਲ ਮਾਡਲ ਪੂਰਵ-ਕਾਲ ਵਿਚ ਪ੍ਰਚਲਤ ਨਹੀਂ ਸੀ?
4) ਜੇ ਪ੍ਰਚਲਤ ਸੀ ਤਾਂ ਉਸ ਦਾ ਸਰੂਪ ਤੇ ਸੰਦਰਭ ਕਿਹੋ ਜਿਹਾ ਸੀ?
5) ਦਸਮ-ਪਿਤਾ ਵੱਲੋਂ ਸਥਾਪਤ ਸੰਤ ਸਿਪਾਹੀ ਦਾ ਇਹ ਰੋਲ ਮਾਡਲ ਕਿਹੜੇ ਕਿਹੜੇ ਪੜਾਅ ਲੰਘਕੇ ਮੌਲਿਕ ਬਣਿਆਂ?
6) ਵਿਸ਼ਵ ਭਰ ਵਿਚ ਪਸਰਿਆ ਅਸ਼ਾਤ ਮਾਹੌਲ, ਮਾਰਧਾੜ, ਲੁਟ ਖੁਸ਼ਟ, ਜਮਾਖੋਰੀ, ਮਿਲਾਵਟਖੋਰੀ, ਰਿਸ਼ਵਤਖੋਰੀ, ਪ੍ਰੇਮ-ਪਿਆਰ, ਪਰਉਪਕਾਰੀ ਤੇ ਨਾਰੀ ਸਤਿਕਾਰ ਭਾਵਨਾ ਰਹਿਤ ਨਿਜਵਾਦ ਤੇ ਨਿਜਲਾਭ ਵਾਲਾ ਪਸਰਿਆ, ਅਸਰੁਖਿਅਤ ਜਨ ਜੀਵਨ, ਦਿਨੋ ਦਿਨ ਤਿੜਕ ਰਹੇ ਮਾਨਵੀ ਰਿਸ਼ਤੇ, ਤੀਸਰੇ ਮਹਾਂ ਯੁੱਧ ਦੀ ਸਿਰ ਤੇ ਲਟਕ ਰਹੀ ਤਲਵਾਰ ਆਦਿ ਦੀਆਂ ਅਜੋਕੀਆਂ ਪ੍ਰਸਥਿਤੀਆਂ ਦੇ ਸਨਮੁੱਖ ਦਸਮ-ਪਿਤਾ ਦਾ ਸੰਤ ਸਿਪਾਹੀ ਦੇ ਸਰੂਪ ਤੇ ਸੰਦਰਭ ਵਾਲਾ ਇਹ ਰੋਲ ਮਾਡਲ ਕਿਵੇਂ ਸਾਰਥਿਕ ਭੂਮਿਕਾ ਨਿਭਾਅ ਸਕਦਾ ਹੈ?
7) ਸਿੱਖ ਸੰਸਥਾਵਾਂ ਦੀ ਪ੍ਰਭੂ-ਸਤਾ, ਸਿੱਖੀ ਸਰੂਪ, ਬਾਣੀ ਤੇ ਬਾਣੇ ਨਾਲ ਜੁੜਨ ਦੀ ਭਾਵਨਾ, ਸਚਿਆਰਾ ਜੀਵਨ, ਨਾਰੀ-ਸਤਿਕਾਰ, ਗੁਰਮਤਾ, ਸਰਬੱਤ ਖਾਲਸਾ ਆਦਿ ਦੀਆਂ ਪਰੰਪਰਾਵਾਂ ਨੂੰ ਓਸੇ ਸੰਦਰਭ ਵਿਚ ਕਿਵੇਂ ਸੁਰਜੀਤ ਕੀਤਾ ਜਾ ਸਕਦਾ ਹੈ ਜਿਸ ਸੰਦਰਭ ਵਿਚ ਇਹਨਾਂ ਦਾ ਨਿਰਮਾਣ ਹੋਇਆ ਸੀ?

ਰਿਟਾ:ਪ੍ਰੋਫੈਸਰ ਤੇ ਮੁੱਖੀ ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਦਸਮ ਗੁਰੂ ਜੀ ਦੇ‟ਸੰਤ ਸਿਪਾਹੀ’ ਵਾਲੇ ਇਹਨਾਂ ਪੱਖਾਂ ਨੂੰ ਵਿਚਾਰਨ ਲਈ ਮੈਂ ਆਪਣੀ ਗਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਡਾਕਟਰ ਗੁਰਮੀਤ ਸਿੰਘ ਵੱਲੋਂ ਪਿਛਲੇ ਦਿਨੀ ਮਨਾਏ ਗਏ ਹੋਲੀ ਦੇ ਤਿਉਹਾਰ ਅਉਰਨ ਕੀ ਹੋਲੀ ਸਿੰਘਨ ਕਾ ਹੋਲਾ ਬਾਰੇ ਪ੍ਰਗਟਾਏ ਗਏ ਵਿਚਾਰ ਨਾਲ ਸ਼ੁਰੂ ਕਰਨੀ ਉਚਿਤ ਸਮਝੀ ਹੈ। ਡਾ.ਸਿੱਧੂ ਦਾ ਕਥਨ ਸੀ ਕਿ ਹੋਲੀ ਜਿਥੇ ਇਕ ਮੌਸਮੀ ਤਿਉਹਾਰ ਹੈ ਓਥੇ ਇਹ ਮਿਥਿਹਾਸ ਤੇ ਇਤਿਹਾਸ ਨਾਲ ਵੀ ਜੁੜਿਆ ਹੋਇਆ ਹੈ। ਮਿਥਿਹਾਸਕ ਤੌਰ ਤੇ ਇਹ ਸੰਤ ਰੂਪ ਭਗਤ ਪ੍ਰਹਲਾਦ, ਉਸਦੇ ਪਿਤਾ ਹਰਨਾਕਸ਼ ਅਤੇ ਭੂਆ ਹੋਲਿਕਾ ਨਾਲ ਸੰਬੰਧਤ ਹੈ। ਆਰੰਭ ਵਿਚ ਇਹ ਤਿੰਨੋ ਸੰਤ ਸਰੂਪ ਸਨ ਪਰ ਭਗਤ ਪ੍ਰਹਲਾਦ ਜਿਥੇ ਨਿਰਾਕਾਰ ਪ੍ਰਭੂ ਨੂੰ ਸ੍ਰਿਸ਼ਟੀ ਦਾ ਰਚਨਾਕਾਰ, ਪਾਲਣਹਾਰ ਅਤੇ ਸੰਘਾਰਨਹਾਰ ਮੰਨਦਾ ਹੈ ਓਥੇ ਇਸਦਾ ਪਿਤਾ ਹਰਨਾਕਸ਼ ਸੰਤ ਰੂਪ ਵਿਚ ਭਗਵਾਨ ਵਿਸ਼ਨੂੰ ਦੀ ਕੀਤੀ ਭਗਤੀ ਦੇ ਫਲਸਰੂਪ ਪ੍ਰਾਪਤ ਵਰਦਾਨ ਕਾਰਨ, ਵਰਦਾਨ ਦੇਣ ਵਾਲੇ ਦੀ ਸ਼ਕਤੀ ਨੂੰ ਵਿਸਾਰ, ਹੰਕਾਰ ਗ੍ਰਸਤ ਹੋ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਜਨਮ ਦਾਤਾ ਤੇ ਰਿਜਕ ਦਾਤਾ ਮਨਾਉਣ ਲਈ ਜਾਲਮ ਸਿਪਾਹੀ ਦਾ ਰੂਪ ਧਾਰਕੇ ਆਪਣੇ ਪੁੱਤਰ ਪ੍ਰਹਲਾਦ ਨੂੰ ਵੀ ਨਹੀਂ ਬਖਸ਼ਦਾ। ਏਸੇ ਤਰ੍ਹਾਂ ਸੰਤ ਰੂਪ ਵਿਚ ਹੋਲਕਾ ਵੀ ਪ੍ਰਾਪਤ ਵਰਦਾਨ ਕਾਰਨ ਪ੍ਰਭੂ-ਸ਼ਕਤੀ ਨੂੰ ਵਿਸਾਰ ਖ਼ੁਦ ਸ਼ਕਤੀਵਾਨ ਬਣ ਬੈਠਦੀ ਹੈ। ਹਾਲਾਂ ਕਿ ਸੱਚ ਇਹ ਹੈ ਕਿ ਨਿਰਾਕਾਰ ਪ੍ਰਭੂ ਦੀ ਸ਼ਕਤੀ ਆਸੀਮ ਹੁੰਦੀ ਹੈ ਅਤੇ ਮਾਨਵ-ਸ਼ਕਤੀ ਸੀਮਤ ਹੁੰਦੀ ਹੈ। ਏਸੇ ਲਈ ਹਰਨਾਕਸ ਤੇ ਹੋਲਕਾ ਦਾ ਦਹਿਨ ਕਰਕੇ ਭਗਤ ਪ੍ਰਹਲਾਦ ਦੀ ਪੈਜ ਰੱਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 15 ਭਗਤ ਬਾਣੀਕਾਰਾਂ ਤੋਂ ਇਲਾਵਾ ਜਿਹਨਾਂ ਦੋ ਭਗਤਾਂ ਧ੍ਰੂਹ ਤੇ ਪ੍ਰਹਲਾਦ ਦਾ ਜਿਕਰ ਆਉਂਦਾ ਹੈ ਉਹਨਾਂ ਵਿਚ ਭਗਤ ਪ੍ਰਹਲਾਦ ਨੂੰ ਗੁਰੂ ਅਮਰਦਾਸ ਜੀ ਨੇ ਭੈਰਉ ਰਾਗ ਵਿਚ ਉਚਾਰਨ ਕੀਤੇ ਸ਼ਬਦ ਤਿਨ ਕਰਤੈ ਇਕੁ ਚਲਤੁ ਉਪਾਇਆ।। ਗੁਰੂ ਰਾਮਦਾਸ ਜੀ ਨੇ ਆਸਾ ਕੀ ਵਾਰ ਵਿਚਲੇ ਛੰਤ ਹਰਿ ਜੁਗ-ਜੁਗ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।। ਹਰਨਾਕਸ਼ ਦੁਸ਼ਟ ਹਰਿ ਮਾਰਿਆ ਪ੍ਰਹਲਾਦ ਤਰਾਇਆ।। ਅਤੇ ਭਗਤ ਨਾਮਦੇਵ ਜੀ ਨੇ ਭੈਰਉ ਰਾਗ ਵਿਚ ਇਸ ਬਿਰਤਾਂਤ ਨੂੰ ਦਰਸਾਇਆ ਹੈ। ਜਿਹੜੀ ਗਲ ਡਾ.ਸਿੱਧੂ ਨੇ ਮਹੱਤਵਪੂਰਨ ਆਖੀ ਉਹ ਸੀ ਕਿ ਆਰੰਭ ਵਿਚ ਆਮ ਲੋਕਾਂ ਨੇ ਹੋਲਕਾ ਦੀ ਸੜੀ ਚਿਤਾ ਦੀ ਖੇਹ ਨੂੰ ਉਡਾਉਂਦਿਆਂ ਬਦੀ



ਉਤੇ ਨੇਕੀ ਦੀ ਜਿਤ ਦੀ ਖੁਸ਼ੀ ਮਨਾਈ। ਪਰ ਚਲਾਕ ਪੁਜਾਰੀਆਂ ਨੇ ਹਰਨਾਕਸ਼ ਤੇ ਹੋਲਕਾ ਦੇ ਪਾਪ ਕਰਮ ਤੇ ਪਰਦਾ ਪਾਉਣ ਲਈ ਇਸ ਨੂੰ ਸੂਦਰਾਂ ਨਾਲ ਜੋੜ ਦਿੱਤਾ ਜੋ ਸਮਾਂ ਪਾਕੇ ਇਕ ਗੰਦਲੇ ਮਾਹੌਲ ਦਾ ਰੂਪ ਧਾਰਨ ਕਰ ਲਿਆ। ਮਾਨਵ-ਚੇਤਨਾ ਵਿਚ ਸੁਆਲ ਪੈਦਾ ਹੋਣਾ ਸੁਭਾਵਕ ਹੈ ਕਿ ਇਸ ਤਿਉਹਾਰ ਦਾ ਸੰਤ ਸਿਪਾਹੀ ਦੇ ਸਰੂਪ ਤੇ ਸੰਦਰਭ ਨਾਲ ਕੀ ਸੰਬੰਧ ਹੈ?

ਉਤਰ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਸਥਾਪਤ ਕੀਤੇ ਸਿੱਖ ਧਰਮ ਦੀ ਵਡੀ ਵਡਿਆਈ ਤੇ ਅਚਰਜ ਸੋਭਾ ਇਸ ਤੱਥ ਤੇ ਆਧਾਰਤ ਹੈ ਕਿ ਉਨ੍ਹਾਂ ਦੇ ਸਿਰਜੇ ਸਿਧਾਂਤ ਅਧਿਆਤਮਵਾਦ ਦੇ ਮਜੀਠ ਰੰਗ ਵਿਚ ਰੰਗੇ ਹੋਣ ਦੇ ਬਾਵਜੂਦ ਮਾਨਵ ਜੀਵਨ ਨਾਲ ਜੁੜੇ ਹਰ ਪੱਖ ਨੂੰ ਆਤਮ-ਸਾਥ ਕਰਦੇ ਹਨ। ਇਹ ਪੱਖ ਭਾਵੇਂ ਧਾਰਮਿਕ ਹਨ, ਸਮਾਜਿਕ ਹਨ, ਆਰਥਿਕ ਹਨ, ਰਾਜਨੀਤਕ ਹਨ, ਸਾਹਿੱਤਕ ਹਨ ਸੰਗੀਤਕ ਹਨ ਅਤੇ ਭਾਵੇਂ ਸਭਿਆਚਾਰਕ ਹਨ। ਉਹਨਾਂ ਨੇ ਮਾਨਵ ਜੀਵਨ ਨਾਲ ਜੁੜੇ ਹਰੇਕ ਪੱਖ ਨੂੰ ਬਾਰੀਕੀ ਨਾਲ ਪਰਖ ਕੇ ਉਨ੍ਹਾਂ ਦੇ ਨਾਮ ਕਰਨ ਤਾਂ ਜਰੂਰ ਅਪਣਾਏ ਪਰ ਉਨ੍ਹਾਂ ਨੂੰ ਰੂਪ ਅਜਿਹਾ ਦਿੱਤਾ ਜਿਸ ਦਾ ਅਮਲ ਜਨ-ਜਨ ਲਈ ਕਲਿਆਣਕਾਰੀ ਬਣਦਾ ਸੀ। ਵਿਸ਼ੇਸ਼ਤਾਂ ਇਹ ਹੈ ਕਿ ਇਹ ਸਿਧਾਂਤ ਉਨ੍ਹਾਂ ਦੇ ਉਤਰ ਅਧਿਕਾਰੀ ਸਾਰੇ ਗੁਰੂਆਂ ਨੇ ਹੂ-ਬਹੂ ਉਸੇ ਰੂਪ ਵਿਚ ਪ੍ਰਚਲਤ ਕੀਤੇ। ਸਭਿਆਚਾਰਕ ਖੇਤਰ ਵਿਚ ਏਹੋ ਕਾਰਨ ਹੈ ਕਿ ਦੀਵਾਲੀ ਆਦਿ ਤਿਉਹਾਰਾਂ ਨੂੰ ਉਨ੍ਹਾਂ ਨੇ ਅਪਨਾਉਂਦਿਆਂ ਇਹਨਾਂ ਨੂੰ ਮਾਨਵ-ਹਿਤੈਸ਼ੀ ਰੂਪ ਦੇ ਕੇ ਮਾਨਵ-ਜੀਵਨ ਦੇ ਅੰਗ-ਸੰਗ ਕੀਤਾ। ਅਉਰਨ ਕੀ ਹੋਲੀ ਸਿੰਘਨ ਕਾ ਹੋਲਾ ਦੀ ਪਰੰਪਰਾ ਆਰੰਭ ਕਰਨ ਦਾ ਕਾਰਨ ਸੀ ਕਿ ਇਸ ਤਿਉਹਾਰ ਨੂੰ ਮਨਾਉਣ ਲਈ ਲੋਕਾਂ ਨੇ ਪਹਿਲੋਂ ਇਕ ਦੂਜੇ ਤੇ ਰੰਗ ਸੁਟਣੇ ਆਰੰਭ ਕੀਤੇ ਅਤੇ ਫੇਰ ਹੌਲੀ ਹੌਲੀ ਰੰਗ ਸੁਟਣ ਦੇ ਨਾਲ-ਨਾਲ ਰੰਗ ਮਲਣੇ ਆਰੰਭ ਹੋ ਗਏ ਅਤੇ ਲੋਕ ਰੰਗ ਮਲਣ ਦੀ ਆੜ ਹੇਠ ਅਸ਼ਲੀਲ ਹਰਕਤਾਂ ਕਰਨ ਦੇ ਨਾਲ-ਨਾਲ ਇਕ ਦੂਜੇ ਤੇ ਗੰਦ

ਮੰਦ ਸੁਟਣ ਲੱਗ ਪਏ ਜਿਸ ਨਾਲ ਇਹ ਤਿਉਹਾਰ ਮਲੀਨ ਰੂਪ ਧਾਰਨ ਕਰਦਾ ਗਿਆ ਅਤੇ ਹਾਲਤ ਬਦ ਤੋਂ ਬਦਤਰ ਬਣ ਗਏ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਸਮਕਾਲ ਦੇ ਇਸ ਵਰਤਾਰੇ ਨੂੰ ਵੇਖ ਰਹੇ ਸਨ ਜਿਨ੍ਹਾਂ ਨੇ ਖੁਸ਼ੀਆਂ ਦੇ ਪ੍ਰਤੀਕ ਹੋਲੀ ਦੇ ਇਸ ਤਿਉਹਾਰ ਨੂੰ ਮਲੀਨ ਰੂਪ ਦੀ ਥਾਂ ਕੁਲੀਨ ਤੇ ਸਮਾਜ ਹਿਤੂ ਦਿਖ ਦੇਣ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਹੋਲੀ ਦੀ ਥਾਂ ਹੋਲੇ ਮਹੱਲੇ ਦੀ ਪਰੰਪਰਾ ਆਰੰਭ ਕੀਤੀ। ਦਸਮ ਪਿਤਾ ਨੇ ਇਸ ਹੋਲੀ ਦੇ ਤਿਉਹਾਰ ਸਮੇਂ ਲੋਕਾਂ ਦੇ ਡਰ, ਭਉ ਤੇ ਗੰਦ ਮੰਦ ਕਾਰਨ ਕਰੂਪ ਚਿਹਰਿਆਂ ਨੂੰ ਜਲਾਲੀ ਰੂਪ ਦੇਣ ਲਈ ਕਿਲਾ ਹੋਲਗੜ੍ਹ ਤੋਂ ਹੋਲਾ ਮਹਲਾ ਮਨਾਉਣ ਲਈ ਰੰਗਦਾਰ ਪਿਚਕਾਰੀਆਂ ਦੀ ਥਾਂ ਹੱਥਾਂ ਵਿਚ ਹਥਿਆਰ ਫੜਾਏ। ਕਿਉਂਕਿ ਆਮ ਲੋਕ ਸ਼ਸਤਰਹੀਨ ਹੋਣ ਕਾਰਨ ਸ਼ਸਤਰ-ਕਲਾ ਸਿਖਣ ਤੇ ਸ਼ਸ਼ਤਰ ਪਹਿਨਣ ਤੋਂ ਝਿਜਕਦੇ ਸਨ ਜਿਸ ਕਾਰਨ ਉਹ ਜੁਲਮ ਦਾ ਟਾਕਰਾ ਕਰਨ ਤੋਂ ਅਸਮਰਥ ਸਨ। ਜਾਤ ਹਮਾਰੀ ਤੋਲਨ ਤਕੜੀ।ਨੰਗੀ ਕਰਦ ਕਬਹੂੰ ਨਾ ਪਕੜੀ। ਦਸਮ-ਪਿਤਾ ਨੇ ਕਿਲ੍ਹਾ ਹੋਲਗੜ੍ਹ ਦੇ ਖੁਲੇ ਮੈਦਾਨ ਵਿਚ ਪਹਿਲੀ ਵਾਰ ਹੋਲੇ ਮਹੱਲੇ ਦੀ ਪਰੰਪਰਾ ਆਰੰਭ ਕਰਦਿਆਂ ਸਿੰਘਾਂ ਦੇ ਦੋ ਦਲ ਬਣਾ ਕੇ ਉਨ੍ਹਾਂ ਦੀ ਫਰਜ਼ੀ ਜੰਗ ਕਰਾਉਣੀ ਆਰੰਭੀ ਅਤੇ ਜੇਤੂ ਦਲ ਨੂੰ ਸਨਮਾਨਤ ਕਰਨਾ ਸ਼ੁਰੂ ਕੀਤਾ। ਸਿੰਘਾਂ ਦੇ ਇਹ ਜੰਗੀ ਕਰਤਬ ਵੇਖ ਕੇ ਜਨ-ਸਾਧਾਰਨ ਦੇ ਮਨਾ ਅੰਦਰ ਵੀ ਜੁਝਾਰੂ ਤੇ ਜੋਸ਼ੀਲੀਆਂ ਬਿਰਤੀਆਂ ਪ੍ਰਚੰਡ ਹੋਣ ਲਗੀਆਂ ਅਤੇ ਉਹ ਜ਼ਾਲਮਾਂ ਨੂੰ ਲਲਕਾਰੇ ਮਾਰਨ ਲਗ ਪਏ।

ਹੁਣ ਸਭ ਤੋਂ ਵੱਡਾ ਸੁਆਲ ਪੈਦਾ ਹੁੰਦਾ ਹੈ ਕਿ ਕੀ ਸੰਤ-ਸਿਪਾਹੀ' ਦਾ ਜੋ ਰੋਲ ਮਾਡਲ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਰਸ਼ਨ ਵਿਚ ਪ੍ਰਦਰਸ਼ਤ ਹੁੰਦਾ ਹੈ ਉਸਦਾ ਸਰੂਪ ਤੇ ਸੰਦਰਭ ਸਿੱਖ ਧਰਮ ਦਾ ਮੌਲਿਕ ਹੈ ਜਾਂ ਇਹ ਪਹਿਲਾਂ ਵੀ ਪ੍ਰਚਲਤ ਸੀ? ਜੇ ਪ੍ਰਚੁਲਤ ਸੀ ਤਾਂ ਇਸਦਾ ਸਰੂਪ ਤੇ ਸੰਦਰਭ ਕਿਹੋ ਜਿਹਾ ਸੀ ਇਹ ਮੁੱਦਾ ਵਿਸ਼ੇਸ਼ ਤੌਰ ਤੇ ਵਿਚਾਰਨਾ ਬਣਦਾ ਹੈ। ਮੇਰੇ ਵਿਚਾਰ ਅਨੁਸਾਰ ਧਰਮੋ-ਸਮਾਜਿਕ ਖੇਤਰ ਵਿਚ ਸੰਤ ਤੇ ਸਿਪਾਹੀ ਦਾ ਇਹ ਸਰੂਪ ਪੂਰਵ-ਨਾਨਕ ਕਾਲ ਵਿਚ ਵਿਦਮਾਨ ਤਾਂ ਸੀ ਪਰ ਵਖਰੇ ਸਰੂਪ ਵਿਚ। ਜੋ ਮਾਨਵ, ਸੰਤ ਬਾਣੇ ਦੇ ਸਰੂਪ ਵਿਚ ਸਨ ਉਹ ਹਰ ਪ੍ਰਕਾਰ ਦੀਆ ਸਮਾਜਿਕ ਜਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਪਲਾਇਣ ਕਰਦਿਆਂ ਪਹਾੜਾਂ ਦੀਆਂ ਕੁੰਦਰਾਂ ਵਿਚ ਛਿਪ ਬੈਠੇ ਸਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ। ਜੋਗੀ ਗਿਆਨ ਵਿਹੂਣਿਆ ਨਿਸਿਦਿਨ ਅੰਗਿ ਲਗਾਇਨਿ ਛਾਰਾ।। ਬਾਝੁ ਗੁਰੂ ਡੁਬਾ ਸੰਸਾਰਾ।। ਜਾਂ ਫਿਰ ਇਹ ਸੰਤ ਬਾਣੇ ਵਾਲੇ ਲੋਕ, ਪਿੰਡਾਂ ਦੇ ਬਾਹਰ ਵਾਰ ਧੂੰਣੀਆਂ ਤਪਾ ਕੇ ਤੱਪ ਸਾਧਨਾਂ ਨਾਲ ਕਰਾਮਾਤੀ ਸ਼ਕਤੀਆਂ ਦਾ ਢੋਂਗ ਰਚਾ ਕੇ ਲੋਕਾਂ ਨੂੰ ਭੈਭੀਤ ਕਰਦਿਆਂ ਆਪਣੀਆਂ ਨਿਜ ਇਛਾਵਾਂ ਦੀ ਪੂਰਤੀ ਕਰਦੇ ਸਨ। ਮਾਨਵ-ਜੀਵਨ ਨੂੰ ਕਲਿਆਣਕਾਰੀ ਬਣਾਉਣਾ ਇਨ੍ਹਾਂ ਦੀ ਸੋਚ ਵਿਚੋਂ ਮਾਨਫ਼ੀ ਸੀ। ਭਾਵ ਸੰਤ ਸਰੂਪ ਵਾਲੇ ਇਹ ਲੋਕ ਨਿਜਾਨੰਦ ਦੇ ਮੁਦਈ ਤਾਂ ਸਨ ਪਰ ਦੂਸਰਿਆਂ ਦੇ ਦੁਖ, ਰੋਗ ਸੰਤਾਪ ਉਤਾਰਨ ਦੀ ਇਨ੍ਹਾਂ ਸੰਤਾਂ ਨੂੰ ਕੋਈ ਚਿੰਤਾ ਨਹੀਂ ਸੀ। ਹਾਲਤ ਇਹ ਬਣੀ ਹੋਈ ਸੀ ਕਿ ਥੰਮੇ ਕੋਇ ਨ ਸਾਧੁ ਬਿਨ ਸਾਧ ਨ ਦਿਸੈ ਜਗਿ ਵਿਚ ਕੋਆ।। ਦੂਜੇ ਪਾਸੇ ਸ਼ਸ਼ਤਰਧਾਰੀ ਸਿਪਾਹੀ ਦਾ ਸਰੂਪ, ਹੇਠਾਂ ਤੋਂ ਉਪਰ ਤਕ ਵਿਲਾਸਮਈ ਅਤੇ ਜਰ, ਜੋਰੂ, ਜਮੀਨ ਤੇ ਕਾਬਜ ਹੋਣ ਦੀ ਭਾਵਨਾ ਤਕ ਹੀ ਸੀਮਤ ਸੀ। ਸੱਚਾਈ ਇਹ ਸੀ ਕਿ ਸੰਤ ਤੇ ਸਿਪਾਹੀ ਦੋਵੇਂ ਹੀ ਆਪਣੇ ਕਰਤੱਵ ਪਾਲਣ ਦੀ ਥਾਂ ਅਚਾਰ ਵਿਹੂਣੇ ਕੁਕਰਮੀ ਬਣ ਚੁੱਕੇ ਸਨ।

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ।। ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ।। ਸਮਕਾਲ ਦੇ ਧਰਮੋ ਸਮਾਜਿਕ ਖੇਤਰ ਵਿਚ ਪਸਰੇ ਅਜਿਹੇ ਅਸੰਤੁਲਤ (ਚਅਲ਼;ਅਫਕਦ) ਸਮਾਜ ਨੂੰ ਸੰਤੁਲਤ ਕਰਨ ਲਈ ਭ੍ਰਸ਼ਟ ਹੋ ਚੁੱਕੇ ਧਰਮ-ਤੰਤਰ ਤੇ ਰਾਜ ਤੰਤਰ ਤੋਂ ਮਾਨਵ-ਚੇਤਨਾ ਨੂੰ ਜੋ ਅਗਿਆਨਤਾ ਵਸ ਗਿਆਨਵਿਹੂਣੀ ਅੰਧੀ ਹੋ ਚੁੱਕੀ ਸੀ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਗਿਆਨਵਾਨ ਹੋਣ ਦਾ ਉਪਦੇਸ਼ ਦਿੱਤਾ। ਅਗਿਆਨ ਅੰਧੇਰਾ ਕਟਿਆ ਗੁਰਗਿਆਨ ਘਟਿ ਬਲਿਆ ਕਿਉਂਕਿ ਇਕ ਗਿਆਨਵਾਨ ਪੁਰਸ਼ ਹੀ ਸੋਚ ਸਕਦਾ ਹੈ ਕਿ ਉਸ ਦੇ ਜੀਵਨ ਨੂੰ ਵਿਕਸਤ ਕਰਨ ਲਈ ਕੀ ਚੰਗਾ ਹੈ ਜਾਂ ਮੰਦਾ ਹੈ। ਧਰਮੋ ਸਮਾਜਿਕ ਖੇਤਰ ਵਿਚ ਪੁਜ਼ਾਰੀ ਵਰਗ ਧਰਮ ਦਾ ਅਜਿਹਾ ਠੇਕੇਦਾਰ ਬਣਿਆ ਹੋਇਆ ਸੀ ਕਿ ਜਨ-ਸਾਧਾਰਨ, ਧਰਮ-ਕਰਮ ਲਈ ਪੁਜਾਰੀਆਂ ਦੇ ਭਾੜੇ ਭਰਨ ਕਾਰਨ ਦੋ ਵਖਤ ਦੀ ਰੋਟੀ ਤੋਂ ਸਖਣੇ ਢਿਡ ਨੂੰ ਰੱਬੀ-ਭਾਣਾ ਮੰਨ ਨਰਕਮਈ ਜੀਵਨ ਜਿਉਂ ਰਿਹਾ ਸੀ ਅਤੇ ਔਰਤ ਦਾ ਜੀਵਨ ਤਾਂ ਅਜਿਹੀ ਤ੍ਰਾਸਦੀ ਭੋਗ ਰਿਹਾ ਸੀ ਕਿ ਉਸਨੂੰ ਪਤਾ ਹੀ ਨਹੀਂ ਸੀ ਚਲਦਾ ਕਿ ਉਸਦਾ ਪਿਤਾ ਕਉਣ ਹੈ, ਪਤੀ ਕਉਣ ਹੈ ਤੇ ਪੁੱਤਰ ਧੀ ਕਉਣ ਹੈ? ਗੁਰੂ ਨਾਨਕ ਪਾਤਸ਼ਾਹ ਨੇ ਸ਼ੋਸ਼ਣ ਦੇ ਸ਼ਿਕਾਰ ਇਸ ਮਾਨਵ-ਸਮਾਜ ਦੀਆਂ ਗੁਲਾਮ ਜੰਜੀਰਾਂ ਨੂੰ ਤੋੜਨ ਲਈ ਇਕ ਨਰੋਆ ਨਿਵੇਕਲਾ ਮਾਨਵਵਾਦੀ ਮਾਡਲ ਸਥਾਪਤ ਕੀਤਾ ਜੋ ਸਮੁਚੀ ਸ੍ਰਿਸ਼ਟੀ-ਰਚਨਾ ਨੂੰ ਨਿਰਾਕਾਰ ਪਰਮੇਸ਼ਰ ਦੀ ਇਹ ਜਗ ਸਚੇ ਕੀ ਹੈ ਕੋਠੜੀ ਦਰਸਾ ਕੇ ਇਕੋ ਰੱਬ, ਇਕੋ ਮਨੁੱਖ ਤੇ ਇਕੋ ਸਮਾਜ ਦਾ ਅਜਿਹਾ ਸਿਧਾਂਤ ਪ੍ਰਚਲਤ ਕੀਤਾ ਜੋ ਸਰਬੱਤ ਦਾ ਭਲਾ ਮੰਗਣ ਵਾਲਾ ਮਾਡਲ ਸੀ। ਇਸ ਮਾਡਲ ਦੇ ਅੰਤਰਗਤ ਹੀ ਗੁਰੂ ਨਾਨਕ ਪਾਤਸ਼ਾਹ ਨੇ ਸਿਧਾਂ, ਨਾਥਾਂ ਤੇ ਜੋਗੀਆਂ ਦੇ ਮਾਨਵ ਸਮਾਜ ਤੇ ਪਏ ਵਿਸ਼ਾਲ ਪ੍ਰਭਾਵ ਨੂੰ ਪੇਤਲਾ ਕਰਨ ਲਈ ਗ੍ਰਹਿਸਥ-ਧਰਮ ਦੀ ਸ੍ਰੇਸ਼ਟਤਾ ਨੂੰ ਮਾਨਵ-ਚੇਤਨਾ ਵਿਚ ਦ੍ਰਿੜ ਕਰਦਿਆਂ ਵਿਹਲੇ ਤੇ ਨਿਖਟੂ ਭੇਖ ਤੇ ਭੀਖ ਮੰਗਣ ਵਾਲੀ ਮਾਨਵ-ਸੋਚ ਨੂੰ ਨਕਾਰਿਆ। ਕਿਉਂਕਿ ਵਿਹਲੜ ਤੇ ਨਿਖਟੂ ਮਨੁੱਖ, ਮਾਨਵ-ਸਮਾਜ, ਪਰਿਵਾਰ ਤੇ ਏਥੋਂ ਤਕ ਕਿ ਆਪਣੇ ਆਪ ਤੇ ਵੀ ਬੋਝ ਹੁੰਦੇ ਹਨ।

ਗੁਰੂ ਨਾਨਕ ਪਾਤਸ਼ਾਹ ਨੇ ਇਸ ਮਹੱਲ ਦੀ ਜਿਹਨਾਂ ਸਿਧਾਤਾਂ ਤੇ ਉਸਾਰੀ ਕੀਤੀ ਉਸ ਦੀ ਆਧਾਰਸ਼ਿਲਾ ਰੱਖੀ ਕਿਰਤ ਕਰੋ, ਨਾਮ ਜਪੋ ਤੇ ਵੰਡ ਛੱਕੋ ਦੀ ਜ਼ਮੀਨ ਤੇ। ਇਸ ਨਿਰੋਏ ਸਮਾਜ ਦੀ ਉਸਾਰੀ ਲਈ ਗੁਰੂ ਨਾਨਕ ਸਾਹਿਬ ਨੇ ਕੀਤੀਆਂ ਉਦਾਸੀਆਂ ਅਤੇ ਕਰਤਾਰਪੁਰ ਵਸੇਬਾ ਕਰਦਿਆਂ ਇਨ੍ਹਾਂ ਸਿਧਾਤਾਂ ਦਾ ਅਮਲੀ ਰੂਪ ਵਿਚ ਪ੍ਰਦਰਸ਼ਨ ਵੀ ਕੀਤਾ। ਉਦਾਸੀਆਂ ਸਮੇਂ ਪੜਾਓ ਉਪਰੰਤ ਸੰਗਤ ਤੇ ਧਰਮਸਾਲ ਦੀ ਸਥਾਪਨਾ ਕਰਨੀ, ਕਰਤਾਰਪੁਰ ਖੇਤਾਂ ਵਿਚ ਕੰਮ ਕਰਨਾ, ਬਿਨ੍ਹਾਂ ਭੇਦ ਭਾਵ ਸਭ ਨੇ ਰਲਕੇ ਲੰਗਰ ਛਕਨਾ ਅਤੇ ਸਵੇਰ ਸ਼ਾਮ ਸ੍ਰੀ ਜਪੁਜੀ ਸਾਹਿਬ, ਸ੍ਰੀ ਰਹਿਰਾਸ ਸਾਹਿਬ, ਸ੍ਰੀ ਸੋਹਿਲਾ ਸਾਹਿਬ ਬਾਣੀ ਦਾ ਉਚਾਰਨ ਕਰਨਾ ਤੇ ਕਰਾਉਣਾ। ਪਰ ਇਸ ਦੇ ਨਾਲ ਹੀ ਆਪ ਜੀ ਆਪੋ ਆਪਣੇ ਜੀਵਨ ਨੂੰ ਸਵੈਮਾਨ ਨਾਲ ਜਿਉਣ ਲਈ ਸੁਚੇਤ ਰਹਿੰਦੇ ਸਨ ਤੇ ਰਹਿਣ ਲਈ ਉਪਦੇਸ਼ ਦਿੰਦੇ ਸਨ ਕਿ ਜੇ ਜੀਵੈ ਪਤਿ ਲਥੀ ਜਾਇ।। ਸਭ ਹਰਾਮ ਜੇਤਾ ਕਿਛੁ ਖਾਇ।।

ਏਹੋ ਕਾਰਨ ਹੈ ਕਿ ਸੁਰਖਿਆ ਦੇ ਮਦੇ ਨਜ਼ਰ ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਸਮੇਂ ਆਪਣੇ ਇਕ ਹੱਥ ਵਿਚ ਸੋਟਾ ਫੜਿਆ ਹੋਇਆ ਸੀ ਅਤੇ ਆਪਣੇ ਪੈਰੋਕਾਰ ਬਣਨ ਵਾਲੇ ਚਾਹਵਾਨਾਂ ਨੂੰ ਸਿਰ ਧਰ ਤਲੀ ਗਲੀ ਮੇਰੀ ਆਉ ਦੀ ਦਾਖਲਾ ਫੀਸ ਤਾਰਨੀ ਪੈਂਦੀ ਸੀ। ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।।

ਗੁਰੂ ਨਾਨਕ ਪਾਤਸ਼ਾਹ ਦਾ ਨਿਰਭਉ ਨਿਰਵੈਰ ਦਾ ਸਿਧਾਂਤ ਨਾਨਕ ਜੋਤਿ ਦੇ ਪੈਰੋਕਾਰ ਗੁਰੂਆਂ ਨੇ ਵੀ ਉਸੇ ਭਾਵਨਾ ਨਾਲ ਨਿਭਾਇਆ। ਮੈਦਾਨੇ ਜੰਗ ਤੋਂ ਭਜੇ ਬਾਦਸ਼ਾਹ ਹਮਾਯੂੰ ਵਲੋਂ ਖਡੂਰ ਸਾਹਿਬ ਆਉਣ ਤੇ ਗੁਰੂ ਅੰਗਦ ਦੇਵ ਜੀ ਵਲੋਂ ਉਸ ਵਲ ਉਚੇਚਾ ਧਿਆਨ ਨ ਦੇਣ ਕਰਕੇ ਉਸ ਵਲੋਂ ਤਲਵਾਰ ਸੂਤ ਕੇ ਗੁਰੂ ਸਾਹਿਬ ਦੇ ਸੀਸ ਨੇੜੇ ਖੜੋਣ ਤੇ ਭੈ ਰਹਿਤ ਹੋ ਕੇ ਆਪਣੇ ਕਰਮ ਵਿਚ ਲੀਨ ਰਹਿਣਾ, ਗੁਰੂ ਅਮਰਦਾਸ ਜੀ ਵਲੋਂ ਅਕਬਰ ਬਾਦਸ਼ਾਹ ਦੇ ਗੋਇੰਦਵਾਲ ਆਉਣ ਤੇ ਉਸ ਨੂੰ ਅਗਾਊ ਮਿਲ ਕੇ ਸਤਿਕਾਰ ਦੇਣ ਦੀ ਥਾਂ ਪਹਿਲੋਂ ਪੰਗਤ ਵਿਚ ਬੈਠ ਲੰਗਰ ਛੱਕਣ ਲਈ ਆਖਣਾ, ਗੁਰੂ ਰਾਮਦਾਸ ਜੀ ਵਲੋਂ ਸ਼ਰੀਕਾਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਗੁਰ ਸੇਵਾ ਵਿਚ ਮਸਤ ਰਹਿਣਾ ਅਤੇ ਮਾਨਵ-ਸਮਾਜ ਦੇ ਭਲਾਈ ਕਾਰਜਾਂ ਲਈ ਅੰਮ੍ਰਿਤਸਰ ਵਿਚ 52 ਕਿਸਮ ਦੇ ਮਾਹਰ ਕਾਰੀਗਰਾਂ ਦੇ ਕਿਤੇ ਆਰੰਭ ਕਰਨ ਲਈ, ਕਿਰਤ ਦੇ ਸਿਧਾਂਤ ਨੂੰ ਵਿਕਸਤ ਕਰਨਾ, ਗੁਰੁ ਅਰਜਨ ਦੇਵ ਜੀ ਵਲੋਂ ਸਰਬਸਾਂਝੀਵਾਲਤਾ ਲਈ 5 ਸਿੱਖ ਗੁਰੂਆਂ, 15 ਭਗਤਾਂ, 11 ਭੱਟਾਂ ਤੇ ਗੁਰੂ ਦਰਬਾਰ ਦੇ 3 ਬਾਣੀਕਾਰਾਂ ਦੀ ਬਾਣੀ ਦਾ ਸੰਕਲਨ ਤੇ ਸੰਪਾਦਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਪ੍ਰਕਾਸ਼ਤ ਕਰਨਾ ਅਤੇ ਗੁਰੂ ਘਰ ਦੇ ਦੋਖੀਆਂ ਦੀਆ ਝੂਠੀਆਂ ਸ਼ਕਾਇਤਾਂ ਕਾਰਨ ਖੁਦ ਲਾਹੌਰ ਜਾ ਕੇ ਸ਼ਹੀਦ ਹੋਣਾ, ਛੇਵੇ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਦਿਆਂ ਸੰਤ ਸਿਪਾਹੀ' ਦੇ ਸਰੂਪ ਨੂੰ ਸ਼ਾਸਤਰ ਅਧੀਨ ਸ਼ਸ਼ਤਰਯੁਕਤ ਕਰਨਾ ਅਤੇ ਚਾਰੇ ਯੁੱਧ 24 ਘੰਟਿਆਂ ਅੰਦਰ ਜਿਤਣਾ, ਸਤਵੇਂ ਗੁਰੂ ਹਰਿ ਰਾਏ ਸਾਹਿਬ ਜੀ ਨੇ ਤਾਂ 2200 ਘੋੜ ਸਵਾਰਾਂ ਦੀ ਫੌਜ਼ ਰੱਖੀ ਹੋਈ ਸੀ, ਅਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਤਾਂ ਬਾਲ ਉਮਰ ਕਾਰਨ ਹੀ ਬਾਲਾ ਪ੍ਰੀਤਮ ਸਨ। ਨੌਵੇਂ ਪਾਤਸ਼ਾਹ ਨੇ ਨਾ ਕੇਵਲ 11 ਸਾਲ ਦੀ ਉਮਰ ਵਿਚ ਕਰਤਾਰ ਦੀ ਜੰਗ ਵਿਚ ਤੇਗ ਦੇ ਜ਼ੌਹਰ ਵਿਖਾਉਂਦਿਆਂ ਤਿਆਗ ਮਲ ਤੋਂ ਤੇਗ ਬਹਾਦਰ ਦੀ ਉਪਾਧੀ ਹਾਸਲ ਕੀਤੀ ਸਗੋਂ ਬਾਬਾ ਬਕਾਲਾ ਨਿਵਾਸ ਸਮੇਂ ਕੇਵਲ ਤੱਪ-ਸਿਮਰਨ ਹੀ ਨਹੀਂ ਕੀਤਾ ਸਗੋਂ ਵਧੀਆ ਨਸਲ ਦੇ ਘੋੜੇ ਰਖੇ ਹੋਏ ਸਨ ਅਤੇ ਖੇਤੀਬਾੜੀ ਕਰਨ ਵਾਲਾ ਸਾਰਾ ਸਮਾਨ ਵਰਤਦੇ ਸਨ। ਦਸਮ-ਪਿਤਾ ਦੇ ਸਮੇਂ ਵਿਚ ਤਾਂ ਸੰਤ ਸਿਪਾਹੀ ਦਾ ਇਹ ਸਰੂਪ ਤੇ ਸੰਦਰਭ ਪੂਰਵ ਨਾਨਕਜੋਤਿ ਦੀ ਆਧਾਰਸ਼ਿਲਾ ਉਪਰ ਪੂਰੇ ਜੋਬਨ ਤੇ ਅਜਿਹਾ ਜਲਾਲੀ ਰੂਪ ਧਾਰ ਲੈਂਦਾ ਹੈ ਜਿਸਨੂੰ ਉਸਾਰਨ ਲਈ ਦਸਮ-ਪਿਤਾ ਨੇ ਪੂਰੇ 24 ਸਾਲ ਚਿੰਤਨ ਕੀਤਾ ਸੀ।

ਲਗਭਗ ਸਤ ਸੌ ਸਾਲ ਤੋਂ ਇਸਲਾਮ ਦੀ ਸਰਦਾਰੀ ਹੇਠ ਗੁਲਾਮੀ ਭਰਿਆ ਜੀਵਨ ਜੀਅ ਰਹੇ ਭਾਰਤੀ, ਏਥੋਂ ਤੱਕ ਸਾਹਸਤਹੀਣ ਹੋ ਚੁੱਕੇ ਸਨ ਕਿ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੀਆਂ ਬਹੂ, ਬੇਟੀਆਂ, ਭੈਣਾਂ ਦੀ ਪੱਤ ਲੁਟੀ ਜਾਂਦੀ ਤੇ ਉਹਨਾਂ ਨੂੰ ਟਕੇ ਟਕੇ ਤੇ ਬਜ਼ਾਰਾਂ ਵਿਚ ਵੇਚਿਆ ਜਾਂਦਾ ਸੀ ਪਰ ਉਨ੍ਹਾਂ ਦੇ ਕੰਨਾਂ ਤੇ ਜੂੰ ਤੱਕ ਨਹੀਂ ਸੀ ਸਰਕਦੀ।

ਦਸਮ ਪਿਤਾ ਨੇ ਸਮਕਾਲ ਦੀਆਂ ਸਥਿਤੀਆਂ ਦਾ 24 ਸਾਲਾਂ ਦੇ ਚਿੰਤਨ ਉਪਰੰਤ ਵਿਚਾਰਿਆ ਕਿ ਜੇ ਬੁਝੇ ਦੀਵਿਆਂ ਵਿਚੋਂ ਇਕ ਦੀਵਾ ਵੀ ਜਗ੍ਹਾ ਦਿੱਤਾ ਜਾਵੇ ਤਾਂ ਉਸਦੀ ਸਹਾਇਤਾ ਨਾਲ ਬਾਕੀ ਦੀਵੇ ਜਗਾਉਣੇ ਅਸਾਨ ਹੋ ਜਾਂਦੇ ਹਨ। ਇਸ ਲਈ ਉਨ੍ਹਾਂ ਨੇ ਗੁਰੂ ਨਾਨਕ-ਸਿੱਖਿਆ ਅਨੁਸਾਰ ਤੇਲ ਤੇ ਵੱਟੀ ਤੋਂ ਸੱਖਣੇ ਦੀਵਿਆਂ ਵਿਚ ਦੇਸ਼ ਕੌਮ ਦੇ ਪਿਆਰ ਵਾਲੀ ਵੱਟੀ ਅਤੇ ਜਿਗਰ ਦੇ ਖੂਨ ਵਾਲਾ ਤੇਲ ਪਾ ਕੇ ਖਤਰੀ ਕੋ ਪੂਤ ਹੂੰ ਬਾਹਮਣ ਕੋ ਨਾਇ ਦੀ ਤੀਲੀ ਨਾਲ ਰੋਸ਼ਨਾ ਕੇ ਮੁਰਦਾ ਹੋ ਚੁੱਕੀ ਭਾਰਤੀ ਕੌਮ ਨੂੰ ਸੁਰਜੀਤ ਕਰਨ ਲਈ ਸੰਤ ਸਿਪਾਹੀ' ਦਾ ਵਿਲਖਣ ਰੋਲ ਮਾਡਲ ਸਥਾਪਤ ਕੀਤਾ ਅਤੇ ਆਪਣਾ ਉਦੇਸ਼ ਸਪੱਸ਼ਟ ਕਰਦਿਆਂ ਆਖਿਆ ਕਿ -ਹਮ ਇਹ ਕਾਜ ਜਗਤ ਮੋ ਆਏ। ਧਰਮਹੇਤ ਗੁਰਦੇਵ ਪਠਾਏ। ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ।

ਇਸ ਲਈ ਉਨ੍ਹਾਂ ਨੇ ਸੰਤ ਤੇ ਸਿਪਾਹੀ ਨੂੰ ਇਕ ਬਾਣੇ ਵਾਲੇ ਬਣਾਕੇ ਸ਼ਾਸ਼ਤਰਧਾਰੀ ਸੰਤ ਨੂੰ ਸ਼ਸ਼ਤਰਧਾਰੀ ਤੇ ਸ਼ਸਤਰਧਾਰੀ ਸਿਪਾਹੀ ਨੂੰ ਸ਼ਾਸ਼ਤਰਧਾਰੀ ਬਣਾ ਦਿੱਤਾ। ਵਿਸ਼ੇਸ਼ਤਾ ਇਹ ਕਿ ਸਰਬੋਤਮਤਾ ਸ਼ਾਸ਼ਤਰ ਦੀ ਹੀ ਰੱਖੀ ਅਤੇ ਸ਼ਸ਼ਤਰ ਨੂੰ ਉਸ ਦੇ ਅਧੀਨ ਕਾਰਜ ਕਰਨ ਦੀ ਪਿਰਤ ਪਾਈ। ਏਸੇ ਲਈ ਅੱਜ ਤੱਕ ਸ਼ਰਧਾਲੂ ਆਪ ਜੀ ਨੂੰ ਨੀਲੇ ਘੋੜੇ ਵਾਲੇ, ਚਿਟਿਆਂ ਬਾਜਾਂ ਵਾਲੇ, ਕਲਗੀਧਰ ਪਿਤਾ ਆਦਿ ਵਿਸ਼ੇਸ਼ਣਾਂ ਨਾਲ ਸਮਰਨ ਕਰਦੇ ਹਨ ਅਤੇ ਕਰਦੇ ਰਹਿਣਗੇ। ਨਿਰਸੰਦੇਹ ਵਾਸਤਵ ਵਿਚ ਇਹ ਵਿਸ਼ੇਸ਼ਣ ਪ੍ਰੀਤਕ ਹਨ ਪਰ ਇਨ੍ਹਾਂ ਪ੍ਰਤੀਕਾਂ ਦੇ ਗਰਭ ਵਿਚ ਲੁਪਤ ਸੰਦੇਸ਼ ਬਹੁਤ ਮਹੱਤਵਪੂਰਨ ਹੈ। ਮਸਲਨ ਨੀਲੇ ਰੰਗ ਦਾ ਘੋੜਾਂ ਤਾ ਕੋਈ ਹੁੰਦਾ ਹੀ ਨਹੀਂ ਪਰ ਏਥੇ ਨੀਲਾ ਰੰਗ ਪ੍ਰੀਤਕ ਹੈ ਅਕਾਸ਼ ਅਤੇ ਸਮੁੰਦਰ ਦਾ। ਭਾਵ ਦਸਮ ਗੁਰੁ ਦੀ ਗਿਆਨ-ਸੋਚ, ਨੀਲੇ ਅਕਾਸ਼ ਵਾਂਗ ਵਿਸ਼ਾਲ ਅਤੇ ਨੀਲੇ ਪਾਣੀ ਵਾਲੇ ਸਮੁੰਦਰ ਵਾਂਗ ਗਹਿਰ ਗੰਭੀਰ ਅਤੇ ਘੋੜੇ ਵਾਂਗ ਸ਼ਕਤੀਸ਼ਾਲੀ ਹੈ। ਏਸੇ ਤਰ੍ਹਾਂ ਚਿਟਾ ਬਾਜ਼ ਕੋਈ ਹੁੰਦਾ ਨਹੀਂ ਪਰ ਦਸਮ ਗੁਰੂ ਜੀ ਜਿਥੇ ਚਿਟੇ ਰੰਗ ਵਾਂਗ ਅਮਨ ਦੇ ਅਲੰਬਰਦਾਰ ਹਨ ਓਥੇ ਦੋਖੀਆਂ ਲਈ ਬਾਜ਼ ਅੱਖ ਰਖਦਿਆਂ ਉਨ੍ਹਾਂ ਨੂੰ ਫੁੰਡਣ ਵਾਲੇ ਹਨ। ਕਲਗੀ ਪ੍ਰੀਤਕ ਹੈ ਬਾਦਸ਼ਾਹਤ ਦੀ ਇਸ ਲਈ ਗੁਰੂ ਜੀ ਆਪ ਤੇ ਉਨ੍ਹਾਂ ਦੇ ਪੈਰੋਕਾਰ ਕੋਈ ਭਿਖਾਰੀ ਜਾਂ ਗੁਲਾਮੀ ਸਹਿਨ ਕਰਨ ਵਾਲੇ ਨਹੀਂ ਬਲਕਿ ਸਿਰ ਉਚਾ ਕਰਕੇ ਬਾਦਸ਼ਾਹਾਂ ਵਾਂਗ ਜੀਵਨ ਵਾਲੀ ਸੋਚ ਦੇ ਧਾਰਨੀ ਹਨ। ਆਪਣੀ ਇਸ ਧਾਰਨਾ ਨੂੰ ਸਪੱਸ਼ਟ ਕਰਨ ਲਈ ਅਤੇ ਇਨ੍ਹਾਂ ਪ੍ਰਤੀਕਾਂ ਦੀ ਅਜੋਕੇ ਸਮੇਂ ਸਾਰਥਿਕਤਾ ਅਤੇ ਲੋੜ ਦੇ ਸੰਦਰਭ ਵਿਚ ਮੈਂ ਦਸਮ-ਗੁਰੂ ਜੀ ਦੇ ਸਮਕਾਲ ਦੇ 3 ਮਾਡਲ ਸਾਂਝੇ ਕਰਨੇ ਉਚਿਤ ਸਮਝਦਾ ਹਾਂ।

ਪਹਿਲਾਂ ਮਾਡਲ ਹੈ ਦਸ਼ਮੇਸ਼ ਗੁਰੁ ਜੀ ਦਾ ਪਹਾੜੀ ਰਾਜੇ ਭੀਮ ਚੰਦ ਵਲੋਂ ਭੇਜੇ ਗਏ ਫੌਜੀ ਜਰਨੈਲ ਹਰੀ ਚੰਦ ਨਾਲ ਤੀਰ ਅੰਦਾਜ਼ੀ ਦੀ ਆਹਮੋ ਸਾਹਮਣੇ ਟੱਕਰ। ਸੂਰਜ ਪ੍ਰਕਾਸ਼ ਵਿਚ ਪ੍ਰਾਪਤ ਵਿਵਰਣ ਅਨੁਸਾਰ ਹਰੀ ਚੰਦ ਬਹੁਤ ਨਿਪੁੰਨ ਤੀਰ ਅੰਦਾਜ਼ ਸੀ ਜਿਸ ਦਾ ਨਿਸ਼ਾਨਾ ਕਦੇ ਨਹੀਂ ਸੀ ਚੁਕਦਾ। ਉਮਰ ਵਿਚ ਵੱਡਾ ਤੇ ਜਵਾਨ ਹਰੀ ਚੰਦ ਬਾਲ ਉਮਰ ਦੇ ਦਸਮ ਗੁਰੂ ਜੀ ਨੂੰ ਸਾਹਮਣੇ ਵੇਖ ਹੱਸਦਾ ਹੈ। ਪਰ ਦਸਮ ਗੁਰੂ ਜੀ ਉਸ ਦੀ ਤੀਰ-ਅੰਦਾਜ਼ੀ ਨਿਪੁੰਨਤਾ ਦੀ ਸਲਾਹਨਾ ਕਰਦੇ ਹੋਏ ਉਸ ਨੂੰ ਪਹਿਲਾਂ ਤੀਰ ਚਲਾਉਣ ਲਈ ਆਖਦੇ ਹਨ ਜਿਸ ਕਰਕੇ ਹਰੀ ਚੰਦ ਪਹਿਲਾ ਤੀਰ ਗੁਰੂ ਜੀ ਦੇ ਮਥੇ ਦੀ ਸੈਨਤ ਕਰਕੇ ਮਾਰਦਾ ਹੈ ਜੋ ਦਸਮ ਗੁਰੂ ਜੀ ਦੇ ਘੋੜੇ ਨੂੰ ਜਾ ਲਗਦਾ ਹੈ ਦੂਜਾ ਗੁਰੂ ਸਾਹਿਬ ਦੀ ਕਨਪਟੀ ਨੂੰ ਛੂਹ ਕੇ ਲੰਘ ਜਾਂਦਾ ਹੈ ਅਤੇ ਤੀਜਾ ਗੁਰੂ ਸਾਹਿਬ ਦੇ ਕਮਰਕਸੇ ਨੂੰ ਚੀਰ ਕੇ ਹੇਠਾਂ ਬੰਨੀ ਪੇਟੀ ਰਾਹੀਂ ਪੇਟ ਨੂੰ ਮਾਮੂਲੀ ਛੂਹ ਜਾਂਦਾ ਹੈ ਜਿਸ ਨੂੰ ਗੁਰੂ ਸਾਹਿਬ ਖਿਚ ਕੇ ਬਾਹਰ ਕਢ ਲੈਂਦੇ ਹਨ ਅਤੇ ਜਬੈ ਬਾਣ ਲਾਗੇ ਤਬੈ ਰੋਸ ਜਾਗੇ ਦੀ ਭਾਵਨਾ ਨਾਲ ਇਕ ਤੀਰ ਹਰੀ ਚੰਦ ਵੱਲ ਅਜਿਹਾ ਚਲਾਉਂਦੇ ਹਨ ਕਿ ਉਹ ਚੌਪਟ ਧਰਤੀ ਤੇ ਢੇਰ ਹੋ ਜਾਂਦਾ ਹੈ ਅਤੇ ਦਸਮੇਸ਼ ਪਿਤਾ ਹੱਥ ਜੋੜ ਉਚਾਰਦੇ ਹਨ ਭਾਈ ਜੀਤ ਮੇਰੀ, ਕਿਰਪਾ ਕਾਲ ਕੇਰੀ। ਦੂਜਾ ਮਾਡਲ ਹੈ ਬਾਵਾ ਕਿਰਪਾਲ ਦਾਸ ਦਾ ਜੋ ਪੀਰ ਬੁਧੂ ਸ਼ਾਹ ਦੀ ਸਿਫਾਰਸ਼ ਨਾਲ ਦਸਮ ਗੁਰੂ ਜੀ ਦੀ ਫੌਜ਼ ਵਿਚ ਭਰਤੀ ਹੋਏ ਹਯਾਤਖਾਨ ਨਾਲ ਸਬੰਧਤ ਹੈ ਜੋ ਗਦਾਰੀ ਕਰਦਿਆਂ ਪਹਾੜੀ ਰਾਜਿਆਂ ਨਾਲ ਜਾ ਮਿਲਦਾ ਹੈ ਅਤੇ ਭੰਗਾਣੀ ਦੇ ਯੁਧ ਸਮੇਂ ਬਾਵਾ ਕਿਰਪਾਲ ਦਾਸ ਉਸਦੇ ਸਿਰ ਵਿਚ ਆਪਣਾ ਕੁਤਕਾ ਮਾਰ ਕੇ ਉਸ ਨੂੰ ਖ਼ਤਮ ਕਰ ਦਿੰਦਾ ਹੈ ਅਤੇ ਦਸਮ ਗੁਰੁ ਜੀ ਆਖਦੇ ਹਨ ਕਿ ਬਾਵਾ ਜੀ ਤੁਸ਼ੀ ਹਯਾਤ ਖਾਂ ਦਾ ਸਿਰ ਭੰਨ ਕੇ ਉਸ ਦੀ ਮਿਝ ਇਸ ਤਰ੍ਹਾਂ ਕਢੀ ਹੈ ਜਿਵੇਂ ਸ੍ਰੀ ਕ੍ਰਿਸ਼ਨ ਜੀ ਵਲੋਂ ਮਟਕੀਆਂ ਤੋੜਨ ਤੇ ਮੱਖਣ ਖਿਲਰਦਾ ਸੀ। ਤੀਜਾ ਰੋਲ ਮਾਡਲ ਹੈ ਭਾਈ ਘਨਈਆ ਜੀ ਦਾ ਜੋ ਹਰੇਕ ਜੀਵ ਵਿਚ ਦਸਮ ਗੁਰੂ ਜੀ ਨੂੰ ਹਾਜ਼ਰ ਨਾਜ਼ਰ ਵੇਖ ਸੇਵਾ ਭਾਵਨਾ ਹੀ ਧਰਮ-ਕਰਮ ਮੰਨਦੇ ਹਨ। ਤਿੰਨੋਂ ਰੋਲ ਮਾਡਲ ਯੁਧਾਂ ਵਿਚੋਂ ਉਭਰਦੇ ਹਨ ਪਹਿਲੇ ਦੋ ਭੰਗਾਣੀ ਦੇ ਯੁੱਧ ਨਾਲ ਸੰਬੰਧਤ ਹਨ ਅਤੇ ਤੀਜਾ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਨਾਲ। ਇਨ੍ਹਾਂ ਦਾ ਵਿਸਥਾਰ ਪੂਰਵਕ ਵੇਰਵਾ ਸੂਰਜ ਪ੍ਰਕਾਸ਼ ਦੇ ਪੰਨਾ 4790 ਤੇ ਪ੍ਰਾਪਤ ਹੈ। ਆਪਣੇ ਮਿਸ਼ਨ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਦੇ ਸਿਧਾਂਤ ਨੂੰ ਦਸਮ-ਪਿਤਾ ਨੇ ਅਮਲੀ ਜਾਮਾ ਪਹਿਨਾਇਆ ਖਾਲਸਾ-ਸਿਰਜਨਾ ਸਮੇਂ ਸਜਾਏ ਪੰਜ ਪਿਆਰੇ ਜਿਨ੍ਹਾਂ ਦੀ ਜਾਤ ਵੀ ਵਖ ਸੀ ਤੇ ਖਿਤੇ ਵੀ ਵਖ। ਏਥੋਂ ਤਕ ਕਿ 4 ਪਿਆਰਿਆਂ ਦਾ ਸੰਬੰਧ ਤਾਂ ਸਮਕਾਲ ਦੀਆਂ ਨਿਮਨ ਜਾਤੀਆਂ ਨਾਲ ਸੀ। ਵਿਸ਼ੇਸ਼ਤਾ ਇਹ ਕਿ ਦਸਮ-ਪਿਤਾ ਨੇ ਖੁਦ ਅੰਮ੍ਰਿਤ ਪਾਨ ਕਰਨ ਲਈ ਹੱਥ ਜੋੜ ਕੇ ਬੇਨਤੀ ਕਰਦਿਆਂ ਸਰਬੰਸ ਦਾਨ ਕਰਨ ਦਾ ਸੰਕਲਪ ਲੈ ਕੇ ਪੰਜ ਪਿਆਰਿਆਂ ਨੂੰ ਆਪੇ ਗੁਰ ਚੇਲਾ ਬਣਾ ਕੇ ਉਸ ਦੀ ਕੁਲ ਨਾਸ਼, ਕਿਰਤ ਨਾਸ਼, ਧਰਮ ਨਾਸ਼, ਕਰਮ ਨਾਸ਼ ਦੇ ਆਦੇਸ਼ ਨਾਲ ਉਸ ਦਾ ਦੈਵੀਕਰਨ ਕਰਕੇ ਸਮੁਚੇ ਸੰਤ-ਸਿਪਾਹੀ ਵਰਗ ਦੇ ਮਣਕਿਆਂ ਨੂੰ ਇਕ ਮਾਲਾ ਵਿਚ ਪਰੋ ਦਿਤਾ।

ਸਮਕਾਲ ਦੇ ਜ਼ਾਲਮ ਹਾਕਮਾਂ ਤੇ ਪੁਜਾਰੀਆਂ ਦੇ ਫੋਕੇ ਕਰਮ ਕਾਂਡਾਂ ਦਾ ਟਾਕਰਾ ਕਰਨ ਲਈ ਦਸ਼ਮ-ਪਿਤਾ ਨੇ ਸੰਤ-ਸਿਪਾਹੀ ਦੇ ਸਰੂਪ ਤੇ ਸੰਦਰਭ ਵਾਲੀ ਫੌਜ਼ ਤਿਆਰ ਕਰਨ ਲਈ ਸਿੰਘਾਂ ਨਾਲ ਰਲ ਕੇ ਸ਼ੇਰ, ਬਾਘ, ਰਿਛ ਆਦਿ ਦੇ ਖ਼ੁਦ ਸ਼ਿਕਾਰ ਕੀਤੇ ਤੇ ਕਰਨੇ ਸਿਖਾਏ। ਸੰਤ-ਸਿਪਾਹੀਆਂ ਦੀ ਚੇਤਨਾ ਵਿਚ ਜਾਨ ਖਤਰੇ ਵਿਚ ਪਾਉਣ ਅਤੇ ਬਚਣ ਦੀ ਵੀ ਜਾਚ ਦਸੀ ਤਾਂ ਜੋ ਉਨ੍ਹਾਂ ਦੀ ਮਾਨਸਿਕਤਾ ਵਿਚੋਂ ਡਰ ਦੀ ਥਾਂ ਨਿਰਭਓ ਭਾਵਨਾ ਦਾ ਸੰਚਾਰ ਹੋ ਸਕੇ। ਇਸ ਦਾ ਪ੍ਰਮਾਣ ਮਿਲਦਾ ਹੈ ਦਸਮ-ਪਿਤਾ ਅਤੇ ਉਨ੍ਹਾਂ ਦੇ ਸੰਤ-ਸਿਪਾਹੀਆਂ ਵਲੋਂ ਭੰਗਾਣੀ ਤੋਂ ਮੁਕਤਸਰ ਤਕ ਕੀਤੇ ਗਏ 14 ਯੁਧਾਂ ਸਮੇਂ ਵਿਖਾਈ ਬੀਰਤਾ। ਏਥੋਂ ਤਕ ਕਿ ਉਨ੍ਹਾਂ ਦੀ ਸਾਹਿੱਤ ਰਚਨਾ ਵਿਚ ਨਮੋ ਸਸਤ੍ਰ ਪਾਣੇ।। ਨਮੋ ਅਸਤ੍ਰ ਮਾਣੇ।। ਅਤੇ ਤਾਗੜਦੰ ਤੀਰੰ ਬਾਗੜਦੰ ਬਾਣੰ।। ਕਾਗੜਦੰ ਕਾਤੀ ਕਟਾਰੀ ਕ੍ਰਿਪਾਣੰ। ਆਦਿ ਵਰਤੀ ਗਈ ਸ਼ਬਦਾਵਲੀ ਵੀ ਜੁਝਾਰੂ ਜੋਸ਼ ਪੈਦਾ ਕਰਨ ਵਾਲੀ ਹੈ।

ਦਸਮ-ਪਿਤਾ ਦਾ ਸਥਾਪਤ ਸੰਤ ਸਿਪਾਹੀ ਦਾ ਇਹ ਸਰੂਪ ਤੇ ਸੰਦਰਭ ਸਾਨੂੰ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਵਡੇ ਘਲੂਘਾਰੇ ਤਕ ਨਿਰੰਤਰ ਵੇਖਣ ਨੂੰ ਮਿਲਦਾ ਹੈ ਜੋ ਹਮਲਾਵਰ ਹੋ ਕੇ ਵੀ ਕਿਸੇ ਧਰਮ, ਧਰਮ-ਅਸਥਾਨ, ਵਰਗ, ਜਨ ਸਾਧਾਰਨ, ਬਚੇ, ਔਰਤਾਂ ਬਿਰਧਾਂ ਤੇ ਨਿਹਥਿਆਂ ਦੀ ਬੇਹੁਰਮਤੀ ਨਹੀਂ ਕਰਦੇ ਸਗੋਂ ਹਸ ਹਸ ਬੰਦ ਕਟਵਾਉਂਦੇ ਹਨ, ਖੋਪਰੀਆਂ ਲੁਹਾਉਂਦੇ ਹਨ, ਚਰਖੜੀਆਂ ਆਦਿ ਤੇ ਚੜ੍ਹਦੇ ਹਨ। ਬਾਦਸ਼ਾਹ ਫ਼ਰਖਸੀਅਰ, ਸਿੰਘਾਂ ਦੇ ਇਸ ਨਿਰਭਉ ਸਰੂਪ ਨੂੰ ਵੇਖ ਹੈਰਾਨ ਤੇ ਪ੍ਰੇਸ਼ਾਨ ਹੈ ਕਿ ਇਹਨਾਂ ਪਾਸ ਇਹ ਕਿਹੜੀ ਗੈਬੀ ਸ਼ਕਤੀ ਹੈ ਕਿ ਇਹ ਭੈਭੀਤ ਹੁੰਦੇ ਹੀ ਨਹੀਂ। ਗਿ. ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿਚ ਜ਼ਿਕਰ ਆਉਂਦਾ ਹੈ ਕਿ ਉਹ ਬੰਦਾ ਸਿੰਘ ਬਹਾਦਰ ਨੂੰ ਭੈਭੀਤ ਕਰਨ ਲਈ ਆਪਣੇ ਸਿਪਾਹੀਆਂ ਨੂੰ ਸਿੰਘ-ਬਾਣਾ ਪਹਿਨਾ ਕੇ ਨਾਟਕ ਕਰਦਾ ਹੈ। ਪਰ ਸਿੰਘਾਂ ਦਾ ਬਾਣਾ ਪਹਿਨਦਿਆਂ ਹੀ ਉਹ ਸਿਪਾਹੀ ਜੋਸ਼ ਵਿਚ ਆ ਕੇ ਆਪਣੇ ਹੀ ਸਿਪਾਹੀ ਝਟਕਾ ਦਿੰਦੇ ਹਨ।

ਅਜੋਕੇ ਪ੍ਰਸੰਗ ਵਿਚ ਜਦੋਂ ਕਿ ਸਮੁਚਾ ਵਿਸ਼ਵ ਰੂਸ ਤੇ ਯੂਕ੍ਰੇਨ ਵਿਚ ਮਹੀਨੇ ਭਰ ਤੋਂ ਚਲ ਰਹੇ ਭਿਆਨਕ ਯੁੱਧ ਕਾਰਨ ਤੀਸਰੇ ਮਹਾਂਯੁੱਧ ਵਲ ਤੇਜੀ ਨਾਲ ਵਧ ਰਿਹਾ ਹੈ।ਵਿਸ਼ਵ ਭਰ ਵਿਚ ਨਿਜਲਾਭ, ਨਿਜਵਾਦ, ਵਖਵਾਦ, ਹੰਕਾਰਵਾਦ, ਨਸਲਵਾਦ ਆਦਿ ਦੀ ਸੁਨਾਮੀ ਲਹਿਰ ਕਾਰਨ ਮਾਨਵ-ਸੰਸਾਰ ਦੀ ਹੋਂਦ ਨੂੰ ਖਤਰਾ ਪੈਦਾ ਹੋ ਰਿਹਾ ਹੈ। ਵਿਸ਼ਵ ਦਾ ਹਰ ਸੰਜੀਦਾ ਮਾਨਵ ਸੁਖ ਸ਼ਾਂਤੀ ਅਮਨ ਚਾਹੁੰਦਾ ਹੈ ਪਰ ਹੰਕਾਰ ਗ੍ਰਸਤ ਵਡੀਆਂ ਤਾਕਤਾਂ, ਯੂ.ਐਨ.ਓ. ਵਰਗੀਆਂ ਸੰਸਥਾਵਾਂ ਦੇ ਭਾਵੀ ਮੈਂਬਰ ਹੋਣ ਦੇ ਬਾਵਜੂਦ ਉਸ ਦੇ ਨਿਯਮਾਂ ਅਨੁਸਾਰ ਕਾਰਜ ਕਰਨ ਲਈ ਤਿਆਰ ਨਹੀਂ ਹਨ ਤਾਂ ਕਿਉਂ? ਦਸਮ-ਪਿਤਾ ਦੇ ਸੰਤ ਸਿਪਾਹੀ ਵਾਲੇ ਰੋਲ ਮਾਡਲ ਦੀ ਇਕ ਵਿਸ਼ੇਸ਼ ਮਹੱਤਤਾ ਇਹ ਵੀ ਨੋਟ ਕਰਨ ਵਾਲੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਤੋਂ ਲੈ ਕੇ ਦਸਮ-ਪਿਤਾ ਤਕ ਗੁਰੂ ਕੀ ਗੋਲਕ ਸਹੀ ਮਾਅਨਿਆਂ ਵਿਚ ਗਰੀਬ ਦਾ ਮੂੰਹ ਸੀ। ਏਸੇ ਲਈ ਸੰਗਤ ਦਾ ਪੈਸਾ ਸੰਗਤ ਦੇ ਭਲਾਈ ਕਾਰਜਾਂ ਲਈ ਹੀ ਵਰਤਿਆਂ ਜਾਂਦਾ ਸੀ। ਅਜੋਕੇ ਸਮੇਂ ਵੀ ਕਾਲ ਪੈਣ, ਹੜ੍ਹ ਆਉਣ, ਸੁਨਾਮੀ ਲਹਿਰ, ਕੋਵਿਡ-19 ਦੀ ਮਹਾਂਮਾਰੀ, ਕਿਸਾਨੀ ਅੰਦੋਲਨ ਸਮੇਂ ਪੀੜ੍ਹਤਾਂ ਦੀ ਤਨ, ਮਨ, ਧਨ ਨਾਲ ਸੇਵਾ ਦਸਮ-ਪਿਤਾ ਦੇ ਇਹਨਾਂ ਸੰਤ-ਸਿਪਾਹੀਆਂ ਨੇ ਹੀ ਕੀਤੀ। ਏਥੋਂ ਤਕ ਕਿ ਯੂਕ੍ਰੇਨ ਦੇ ਪੀੜਤ ਸ਼ਰਨਾਰਥੀਆਂ ਦੀ ਅਮਲੀ ਤੋਰ ਤੇ ਅਸਲੀ ਸੇਵਾ ਵੀ ਏਹੋ ਸੰਤ-ਸਿਪਾਹੀ ਕਰ ਰਹੇ ਹਨ। ਪਰ ਇਸ ਦੇ ਬਾਵਜੂਦ ਬਹੁਤ ਸਾਰੀਆਂ ਨਾਮਵਰ ਵਡੀਆਂ ਸਿੱਖ ਸੰਸਥਾਵਾਂ ਵੀ ਗੁਰੂ ਕੀ ਗੋਲਕ ਨੂੰ ਨਿਜਹਿਤਾਂ ਲਈ ਵਰਤਣੋ ਸੰਕੋਚ ਨਹੀਂ ਕਰ ਰਹੀਆਂ। ਵੋਟ ਦੀ ਰਾਜਨੀਤੀ ਕਾਰਨ ਸਿੱਖ ਸੰਸਥਾਵਾਂ ਵੀ ਸਿਆਸਤ ਅਧੀਨ ਹੋ ਗਈਆਂ ਹਨ ਜਿਸ ਕਰਕੇ ਦਸਮ-ਪਿਤਾ ਦੇ ਸਥਾਪਤ ਸੰਤ-ਸਿਪਾਹੀ ਦਾ ਮੌਲਿਕ ਸਰੂਪ ਤੇ ਸੰਦਰਭ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਦੀ ਕਿਲੇ ਬੰਦੀ ਵਿਚ ਬੰਦ ਪਤਿਤਪੁਣੇ ਦੀ ਲਹਿਰ ਕਾਰਨ ਅਲੋਪ ਹੁੰਦਾ ਜਾ ਰਿਹਾ ਹੈ ਅਤੇ ਉਸ ਸਮੇ ਤਾਂ ਹੈਰਾਨੀ ਤੇ ਦੁਖ ਹੁੰਦਾ ਹੈ ਜਦੋਂ ਜਮਾਂਖੋਰੀ, ਰਿਸ਼ਵਤਖੋਰੀ, ਨਸ਼ਾਖੋਰੀ, ਬਲਾਤਕਾਰ ਆਦਿ ਵਰਗੀਆਂ ਵਾਪਰਦੀਆਂ ਘਟਨਾਵਾਂ ਨਾਲ ਸਿੰਘ ਨਾਮ ਨਾਲ ਸੰਬੰਧਤ ਵਿਅਕਤੀਆਂ ਦੇ ਨਾਮ ਵੇਖਣ, ਪੜ੍ਹਨ ਤੇ ਸੁਣਨ ਨੂੰ ਮਿਲਦੇ ਹਨ।

ਅੱਜ ਵੀ ਵਿਸ਼ਵ ਦਾ ਦੋ ਤਿਹਾਈ ਸਮਾਜ ਰੋਟੀ, ਕਪੜਾ ਔਰ ਮਕਾਨ ਦੀ ਮੁਢਲੀ ਸਹੂਲਤ ਤੋਂ ਵਾਂਝਾ ਹੈ ਪਰ ਹਥਿਆਰਾਂ ਦੀ ਹੋੜ੍ਹ, ਕਾਸਮੈਟਿਕ ਆਸਰੇ ਸੋਹਣੀ ਦਿਖ ਵਾਲੇ ਮਾਡਰਨ ਜੀਵਨ ਲਈ ਅਰਬਾਂ ਡਾਲਰ ਬਰਬਾਦ ਕੀਤੇ ਜਾ ਰਹੇ ਹਨ। ਰੂਸ ਤੇ ਯੂਕ੍ਰੇਨ ਵਲੋਂ ਇਕ ਮਹੀਨੇ ਤੋਂ ਕੀਤੀ ਜਾ ਰਹੀ ਗੋਲਾਬਾਰੀ ਨਾਲ ਖਰਬਾਂ ਡਾਲਰ ਬਰਬਾਦ ਕੀਤੇ ਗਏ ਤੇ ਕੀਤੇ ਜਾ ਰਹੇ ਧਨ ਨਾਲ ਵਿਸ਼ਵ-ਮਾਨਵ ਦੀਆਂ ਬਹੁਤ ਸਾਰੀਆਂ ਸਮਸਿਆਵਾਂ ਦਾ ਸਮਾਧਾਨ ਕੀਤਾ ਜਾ ਸਕਦਾ ਹੈ ਪਰ ਉਹ ਇਸ ਪਾਸੇ ਵਲ ਨ ਤਾਂ ਖ਼ੁਦ ਸੰਜੀਦਾ ਹਨ ਅਤੇ ਤਮਾਸ਼ਬੀਨ ਉਹਨਾਂ ਨੂੰ ਅਜਿਹਾ ਸੋਚਣ ਵਾਲੇ ਪਾਸੇ ਤੁਰਨ ਦੇ ਰਹੇ ਹਨ।

ਇਸ ਲਈ ਜ਼ਰੂਰੀ ਹੈ ਕਿ ਵਿਸ਼ਵ-ਸ਼ਾਂਤੀ ਸਥਾਪਤ ਕਰਨ ਲਈ ਸੰਜੀਦਗੀ ਨਾਲ ਚਿੰਤਤ ਹੋ ਕੇ ਚਿੰਤਨ ਕੀਤਾ ਜਾਵੇ। ਸਿੱਖ ਕੌਮ ਨੂੰ ਦਸਮ-ਪਿਤਾ ਦੇ ਸੰਤ ਸਿਪਾਹੀ ਵਾਲੇ ਰੋਲ ਮਾਡਲ ਦੇ ਸਰੂਪ ਤੇ ਸੰਦਰਭ ਨੂੰ ਸਿੱਖ ਕੌਮ ਦੀਆਂ ਸੰਸਥਾਵਾਂ ਦੀ ਪ੍ਰਭੂ-ਸਤਾ, ਬਾਣੀ ਨਾਲ ਜੁੜਨ, ਪ੍ਰਸ਼ਾਦੇ ਪਾਣੀ ਦੇ ਲੰਗਰਾਂ ਨਾਲ ਗੁਰ ਸ਼ਬਦ ਦੇ ਲੰਗਰ ਲਗਾ ਕੇ ਗਿਆਨਵਾਨ ਬਣਨ ਤੇ ਬਣਾਉਣ, ਆਪਸੀ ਝਗੜੇ ਅਤੇ ਪੰਥਕ ਮਸਲਿਆਂ ਦੇ ਸਮਾਧਾਨ ਲਈ ਸਰਬਤ ਖਾਲਸਾ ਤੇ ਗੁਰਮਤੇ ਵਰਗੀਆਂ ਪ੍ਰਾਚੀਨ ਪਰੰਪਰਾਵਾਂ ਨੂੰ ਉਸੇ ਪ੍ਰਸੰਗ ਵਿਚ ਸੁਰਜੀਤ ਕੀਤਾ ਜਾਵੇ ਜਿਸ ਪ੍ਰਸੰਗ ਵਿਚ ਇਹ ਸਥਾਪਤ ਹੋਈਆਂ ਸਨ। ਇਨ੍ਹਾਂ ਦੋਹਾਂ ਕਾਰਜਾਂ ਲਈ ਦਸਮ-ਪਿਤਾ ਜੀ ਦਾ ਸੰਤ ਸਿਪਾਹੀ ਦੇ ਰੋਲ ਮਾਡਲ ਦਾ ਸਰੂਪ ਤੇ ਸੰਦਰਭ ਅਤੇ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਦਾ ਸਿਧਾਂਤ ਅਜ ਵੀ ਸਾਰਥਿਕ ਭੂਮਿਕਾ ਨਿਭਾਉਣ ਦੇ ਸਮਰਥ ਹੈ।

# ਗੁਰੂ ਚਰਨਾਂ ਵਿਚ ਜਾ ਬਿਰਾਜੇ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਨੂੰ ਭਾਵ-ਭਿੰਨੀ ਸ਼ਰਧਾਂਜਲੀ
## 52 ਸਾਲ ਦੀਵਾਨ ਲਈ ਕੀਤੇ ਵਿਕਾਸ ਕਾਰਜਾਂ ਦੀ ਬੁਲਾਰਿਆਂ ਵਲੋਂ ਭਰਪੂਰ ਪ੍ਰਸੰਸਾ



52 ਸਾਲ ਪਹਿਲਾਂ ਸਾਲ 1970 ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਬਣੇ ਸ੍ਰ.ਨਿਰਮਲ ਸਿੰਘ ਦੀਵਾਨ ਦੇ ਨਾਮਵਰ ਸਕੂਲਾਂ ਦੇ ਮੈਂਬਰ ਇੰਚਾਰਜ ਅਤੇ ਸਥਾਨਕ ਪ੍ਰਧਾਨ ਦੇ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਨਿਭਾਉਦਿਆਂ ਸਿੱਖ ਕੌਮ ਦੀ ਸਭ ਤੋਂ ਪ੍ਰਾਚੀਨ ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਬਣਨ ਦਾ ਮਾਣ ਪ੍ਰਾਪਤ ਕਰਨ ਵਾਲੇ ਪ੍ਰਧਾਨ ਸ੍ਰ.ਨਿਰਮਲ ਸਿੰਘ ਜੋ ਪਿਛਲੇ ਦਿਨੀ 84 ਵਰ੍ਹਿਆਂ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਉਹਨਾਂ ਨਮਿਤ ਆਤਮਿਕ ਸ਼ਾਤੀ ਲਈ ਰੱਖੇ ਗਏ ਅਰਦਾਸ ਸਮਾਗਮ ਦਾ ਆਯੋਜਨ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ, ਰਣਜੀਤ ਐਵਿਨਿਉ ਵਿਖੇ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਉਪਰੰਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਅਤੇ ਹਜ਼ੂਰੀ ਰਾਗੀ ਭਾਈ ਕਮਲਜੀਤ ਸਿੰਘ ਆਦਿ ਦੇ ਜੱਥਿਆਂ ਨੇ ਰਸ ਭਿੰਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ, ਸਰਪ੍ਰਸਤ ਸ੍ਰ.ਰਾਜਮੋਹਿੰਦਰ ਸਿੰਘ ਮਜੀਠਾ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਸਰਬਜੀਤ ਸਿੰਘ ਛੀਨਾ ਆਦਿ ਸਮੂਹ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਨੇ ਸ੍ਰ.ਨਿਰਮਲ ਸਿੰਘ ਦੀ ਅਦੁਤੀ ਸ਼ਖਸੀਅਤ ਨੂੰ ਉਹਨਾਂ ਦੀ ਭਰਪੂਰ ਪ੍ਰਸੰਸਾ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਸਾਬਕਾ ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਸ੍ਰ.ਤਰਲੋਚਨ ਸਿੰਘ ਨੇ ਕਿਹਾ ਕਿ ਨੇਕ, ਸ਼ਾਂਤ ਅਤੇ ਮਿਲਵਰਤਨ ਨਾਲ ਕੰਮ ਕਰਨ ਵਾਲੇ ਸ੍ਰ.ਨਿਰਮਲ ਸਿੰਘ ਵੱਲੋਂ ਧਾਰਮਿਕ, ਵਿਦਿਅਕ, ਸਮਾਜਿਕ ਅਤੇ ਸਿੱਖ ਕੌਮ ਪ੍ਰਤੀ ਨਿਭਾਈਆਂ ਨਿਸ਼ਕਾਮ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸ਼ੌਮਣੀ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਸ:ਰਜਿੰਦਰ ਸਿੰਘ ਮਹਿਤਾ ਨੇ ਸਿੱਖ ਪੰਥ ਦੀਆਂ ਨਾਮਵਰ ਪਦਵੀਆਂ ਤੇ ਬਿਰਾਜਮਾਨ ਸਵ: ਸ੍ਰ. ਨਿਰਮਲ ਸਿੰਘ ਦੀਆਂ ਪੰਥ ਪ੍ਰਤੀ ਨਿਭਾਈਆਂ ਮਾਣਮੱਤੀਆਂ ਸੇਵਾਵਾਂ ਨੂੰ ਯਾਦ ਕੀਤਾ ਅਤੇ ਉਹਨਾਂ ਦੇ ਸਿੱਖ ਸਿਧਾਤਾਂ ਨੂੰ ਸਮਰਪਿਤ ਜੀਵਨ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਹਨਾਂ ਆਪਣੇ ਜੀਵਨ ਦੀ ਹਰ ਸਫਲਤਾ ਦਾ ਸਿਹਰਾ ਸੰਤਾਂ ਮਹਾਪੁਰਸ਼ਾਂ ਦੀਆਂ ਅਸੀਸਾਂ ਨੂੰ ਪਾਇਆ।

ਇਸ ਮੌਕੇ ਡਾ.ਜਸਬੀਰ ਸਿੰਘ ਸਾਬਰ ਦੁਆਰਾ ਲਿਖਤ ਕਿਤਾਬ **"ਸੱਜਣ ਸੁਹੇਲੇ"** ਜਿਸ ਵਿਚ ਸ੍ਰ.ਨਿਰਮਲ ਸਿੰਘ ਦੇ ਜਨਮ ਤੋਂ ਲੈ ਕੇ ਅੰਤਿਮ ਸਮੇਂ ਤੱਕ ਦੇ ਸੰਘਰਸ਼ਮਈ ਅਤੇ ਗੁਰਮਤਿ ਸ਼ੈਲੀ ਨਾਲ ਜੁੜੀ ਜੀਵਨਗਾਥਾ ਨੂੰ ਉਜਾਗਰ ਕੀਤਾ ਗਿਆ ਹੈ ਨੂੰ ਸੰਗਤਾਂ ਵਿਚ ਵੰਡੀ ਗਈ। ਅਰਦਾਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਪੁੱਜੇ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਗਿਆਨੀ ਜਗਤਾਰ ਸਿੰਘ, ਸਿੰਘ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਗਿਆਨੀ ਸੁਲਤਾਨ ਸਿੰਘ, ਦਮਦਮੀ ਟਕਸਾਲ ਤੋਂ ਸ੍ਰ.ਅਵਤਾਰ ਸਿੰਘ ਬੁੱਟਰ, ਤੱਖਤ ਪਟਨਾ ਸਾਹਿਬ ਤੋਂ ਸੁਪਰਡੈਂਟ ਸ੍ਰ. ਜਗਜੀਤ ਸਿੰਘ ਜੱਗੀ, ਸਾਬਕਾ ਮੰਤਰੀ ਸ੍ਰੀ ਅਨਿਲ ਜੋਸ਼ੀ, ਸਾਬਕਾ ਐਮ ਐਲ ਏ ਸ੍ਰ. ਹਰਮਿੰਦਰ ਸਿੰਘ ਗਿੱਲ, ਡਾ.ਦਵਿੰਦਰ ਸਿੰਘ ਚੇਅਰਮੈਨ ਬੜੂ ਸਾਹਿਬ, ਕਾਂਗਰਸ ਦਿਹਾਤੀ ਪ੍ਰਧਾਨ ਸ੍ਰ.ਭਗਵੰਤਪਾਲ ਸਿੰਘ ਸੱਚਰ, ਡਾ.ਰਜਿੰਦਰਮੋਹਨ ਸਿੰਘ ਛੀਨਾ ਆਨਰੇਰੀ ਸਕੱਤਰ ਖਾਲਸਾ ਕਾਲਜ, ਸ੍ਰ.ਇਕਬਾਲ ਸਿੰਘ ਲਾਲਪੁਰਾ, ਸ੍ਰ.ਗੁਰਪ੍ਰਤਾਪ ਸਿੰਘ ਟਿੱਕਾ ਅਕਾਲੀ ਦਲ ਸ਼ਹਿਰੀ ਪ੍ਰਧਾਨ, ਸਿੱਖ ਸਟੂਡੈਂਟ ਫੈਡਰੇਸ਼ਨ ਪ੍ਰਧਾਨ ਸ੍ਰ. ਅਮਰਬੀਰ ਸਿੰਘ ਢੋਟ, ਸ਼੍ਰੋਮਣੀ ਪ੍ਰਬੰਧਕ ਕਮੇਟੀ ਤੋਂ ਜੱਥੇਦਾਰ ਹਰਬੰਸ ਸਿੰਘ, ਭਾਈ ਮਨਜੀਤ ਸਿੰਘ, ਸ੍ਰ.ਅਜਾਇਬ ਸਿੰਘ ਅਭਿਆਸੀ ਅਤੇ ਸਕੱਤਰ ਸ੍ਰ.ਪ੍ਰਤਾਪ ਸਿੰਘ, ਮੈਨੇਜਰ ਸ੍ਰੀ ਦਰਬਾਰ ਸਾਹਿਬ ਸ੍ਰ.ਸੁੱਲਖਣ ਸਿੰਘ ਭੰਗਾਲੀ, ਬਾਰ ਐਸੋਸੀਏਸ਼ਨ ਤੋਂ ਪ੍ਰਧਾਨ ਵਿਪਿਨ ਦੰਡ ਅਤੇ ਸਾਬਕਾ ਸੈਕਟਰੀ ਸ੍ਰ.ਇੰਦਰਜੀਤ ਸਿੰਘ ਅੜੀ, ਅੰਮ੍ਰਿਤਸਰ ਸੰਗੀਤ ਸਭਾ ਤੋਂ ਸ੍ਰ. ਰਜਿੰਦਰ ਸਿੰਘ, ਡਾਇਰੈਕਟਰ ਫੋਰ.ਐਸ. ਸ੍ਰ.ਜਗਦੀਸ਼ ਸਿੰਘ, ਸ੍ਰ.ਰਾਮ ਸਿੰਘ ਰਾਠੌਰ ਆਦਿ ਉੱਘੀਆਂ ਸਖਸ਼ੀਅਤਾ ਵੱਲੋਂ ਵਿਸ਼ੇਸ਼ ਤੌਰ ਤੇ ਪੁੱਜ ਕੇ ਸਵ:ਨਿਰਮਲ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

ਇਸ ਸਮਾਗਮ ਸਮੇਂ ਸ਼ੋਕ ਸੰਦੇਸ਼ਾਂ ਰਾਹੀਂ ਸਾਬਕਾ ਮੁੱਖ ਮੰਤਰੀ ਸ੍ਰ.ਪ੍ਰਕਾਸ਼ ਸਿੰਘ ਬਾਦਲ , ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ੍ਰ. ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ. ਹਰਜਿੰਦਰ ਸਿੰਘ ਧਾਮੀ, ਚੀਫ ਖਾਲਸਾ ਦੀਵਾਨ ਮੁੰਬਈ ਲੋਕਲ ਕਮੇਟੀ ਪ੍ਰਧਾਨ ਸ੍ਰ.ਗੁਰਿੰਦਰ ਸਿੰਘ ਬਾਵਾ, ਐਮ.ਐਲ.ਏ ਤੇ ਸਾਬਕਾ ਆਈ.ਜੀ.ਕੁੰਵਰ ਵਿਜੈ ਪ੍ਰਤਾਪ ਸਿੰਘ, ਨੈਸ਼ਨਲ ਕੌਂਸਲ ਸਭਾ, ਜੱਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਅਤੇ ਹੋਰਨਾਂ ਵੱਖ ਵੱਖ ਸੰਸਥਾਵਾਂ ਅਤੇ ਸ਼ਖਸੀਅਤਾਂ ਵੱਲੋਂ ਭੇਜੇ ਗਏ ਸ਼ੋਕ ਸੰਦੇਸ਼ਾਂ ਰਾਹੀਂ ਸ੍ਰ.ਨਿਰਮਲ ਸਿੰਘ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੌਕੇ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਗਿਆਨੀ ਜਗਤਾਰ ਸਿੰਘ, ਸਿੰਘ ਸਾਹਿਬ ਭਾਈ ਸਾਹਿਬ ਭਾਈ ਸੁਲਤਾਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ੍ਰ.ਪ੍ਰਤਾਪ ਸਿੰਘ, ਸਾਬਕਾ ਕੈਬਨਿਟ ਮੰਤਰੀ ਪੰਜਾਬ ਸ੍ਰ.ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਅਕਾਲੀ ਦਲ ਵਪਾਰ ਮੰਡਲ ਪ੍ਰਧਾਨ ਸ੍ਰ.ਰਜਿੰਦਰ ਸਿੰਘ ਮਰਵਾਹਾ, ਚੀਫ ਖਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵਲੋਂ ਪ੍ਰੋ.ਹਰੀ ਸਿੰਘ, ਸ੍ਰੀ ਗੁਰੂ ਸਿੰਘ ਸਭਾਵਾਂ ਅਤੇ ਹੋਰਨਾਂ ਜੱਥੇਬੰਦੀਆਂ ਵੱਲੋਂ ਸ੍ਰ:ਨਿਰਮਲ ਸਿੰਘ ਦੇ ਸਪੁੱਤਰ ਸ੍ਰ.ਕਵਲਜੀਤ ਸਿੰਘ, ਸ੍ਰ.ਹਰਨੀਤ ਸਿੰਘ ਅਤੇ ਸ੍ਰ.ਨਿਰਮਲ ਸਿੰਘ ਦੇ ਵੱਡੇ ਭਰਾ ਸ੍ਰ.ਜਗੀਰ ਸਿੰਘ ਦੇ ਪੋਤਰੇ ਪਰਿਵਾਰਕ ਮੈਂਬਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੂੰ ਗੁਰੂ ਦੀ ਬਖਸਿਸ਼ ਸਿਰੋਪਾਓ ਅਤੇ ਦਸਤਾਰ ਭੇਂਟ ਕੀਤੀ ਗਈ।

ਅੰਤ ਵਿਚ ਚੀਫ ਖਾਲਸਾ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ ਅਤੇ ਮੈਂਬਰ ਸ੍ਰ. ਮਨਮੋਹਨ ਸਿੰਘ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਉਪਰੋਕਤ ਸ਼ਖਸੀਅਤਾਂ ਤੋਂ ਇਲਾਵਾ ਸ੍ਰ.ਜਸਪਾਲ ਸਿੰਘ ਢਿੱਲੋ, ਸ੍ਰ:ਹਰਜੀਤ ਸਿੰਘ ਤਰਨਤਾਰਨ, ਸ੍ਰ.ਸੰਤੋਖ ਸਿੰਘ ਸੇਠੀ, ਸ੍ਰ:ਸੁਖਦੇਵ ਸਿੰਘ ਮੱਤੇਵਾਲ, ਪ੍ਰੋ:ਹਰੀ ਸਿੰਘ, ਸ੍ਰ.ਗੁਰਿੰਦਰ ਸਿੰਘ, ਪ੍ਰੋ.ਸੂਬਾ ਸਿੰਘ, ਬੀਬੀ ਕਿਰਨਜੋਤ ਕੋਰ, ਸ੍ਰ.ਮਨਜੀਤ ਸਿੰਘ ਢਿੱਲੋਂ, ਪ੍ਰੋ.ਵਰਿਆਮ ਸਿੰਘ, ਸ੍ਰ.ਇੰਦਰਪ੍ਰੀਤ ਸਿੰਘ ਅਨੰਦ, ਸ੍ਰ.ਨਰਿੰਦਰ ਸਿੰਘ ਖੁਰਾਣਾ, ਸ੍ਰ.ਜਸਪਾਲ ਸਿੰਘ (ਰਿਟਾ:ਪੀ.ਸੀ.ਐਸ) ਸ੍ਰ.ਨਵਤੇਜ ਸਿੰਘ ਨਾਰੰਗ, ਡਾ.ਜਸਵਿੰਦਰ ਸਿੰਘ ਢਿੱਲੋਂ, ਸ੍ਰ.ਮਨਦੀਪ ਸਿੰਘ ਬੇਦੀ, ਸ੍ਰ.ਜਗਤੇਸ਼ਵਰ ਸਿੰਘ, ਇੰਜੀ:ਜਸਪਾਲ ਸਿੰਘ, ਸ੍ਰ:ਨਿਰੰਜਣ ਸਿੰਘ, ਸ੍ਰ:ਪ੍ਰਦੀਪ ਸਿੰਘ ਵਾਲੀਆ, ਸ੍ਰ.ਸਰਬਜੀਤ ਸਿੰਘ, ਸ੍ਰ.ਕੁਲਜੀਤ ਸਿੰਘ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਕੁਲਜੀਤ ਸਿੰਘ ਸਾਹਨੀ, ਡਾ.ਧਰਮਵੀਰ ਸਿੰਘ, ਡਾ.ਜਸਬੀਰ ਸਿੰਘ ਸਾਬਰ, ਸ੍ਰ.ਮਨਿੰਦਰ ਸਿੰਘ ਮੌਂਗਾ, ਸ੍ਰ.ਜਸਬੀਰ ਸਿੰਘ ਪੱਟੀ, ਸ੍ਰ.ਜਸਵੰਤ ਸਿੰਘ ਜੱਸ, ਸ੍ਰ.ਅਮ੍ਰਿੰਤਪਾਲ ਸਿੰਘ, ਸ੍ਰ.ਚਰਨਜੀਤ ਸਿੰਘ ਆਦਿ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।







ਖ਼ਬਰਨਾਮਾ

# ਅਧਿਆਪਕ ਬੱਚਿਆਂ ਨੂੰ ਵਿਦਿਆ ਦਾ ਖਜ਼ਾਨਾ ਪ੍ਰਦਾਨ ਕਰਦੇ ਹਨ-ਪ੍ਰਿੰਸੀਪਲ ਸਿੱਧੂ
## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪੱਟੀ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ ਬੜੇ ਉਤਸ਼ਾਹ ਅਤੇ ਖੁਸ਼ੀ ਭਰੇ ਮਾਹੌਲ ਵਿਚ ਰੱਬੀ ਬਾਣੀ ਦਾ ਆਸਰਾ ਅਤੇ ਓਟ ਲੈ ਕੇ ਕੀਤੀ ਗਈ ਜਿਸ ਦੌਰਾਨ ਆਰੰਭ ਵਿਚ ਸਕੂਲ ਵਿੱਚ ਸੁਭਾਇਮਾਨ ਗੁਰਦੁਆਰਾ ਸਾਹਿਬ ਵਿਖੇ ਸੰਗਤੀ ਰੂਪ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ ਗਿਆ। ਉਪਰੰਤ ਸੰਗੀਤ ਅਧਿਆਪਕ ਮੈਡਮ ਹਰਪ੍ਰੀਤ ਕੌਰ, ਸ੍ਰ.ਗੁਰਭੇਜ ਸਿੰਘ ਤੇ ਵਿਦਿਆਰਥੀਆਂ ਵੱਲੋਂ ਗੁਰੂ ਸਾਹਿਬ ਦੀ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਗਿਆ। ਸਕੂਲ ਦੇ ਧਾਰਮਿਕ ਅਧਿਆਪਕ ਸ੍ਰ.ਜਗਜੀਤ ਸਿੰਘ ਨੇ ਇਸ ਸਮੇਂ ਬੋਲਦਿਆ ਕਿਹਾ ਕਿ ਜਿੰਦਗੀ ਵਿੱਚ ਉਹੀ ਇਨਸਾਨ ਸਫਲਤਾ ਪ੍ਰਾਪਤ ਕਰਦੇ ਹਨ, ਜੋ ਆਪਣੀ ਮੰਜਿਲ ਮਿੱਥ ਕੇ ਉਸ ਨੂੰ ਪ੍ਰਾਪਤ ਕਰਨ ਹਿੱਤ ਹਮੇਸ਼ਾਂ ਮਿਹਨਤ ਕਰਕੇ ਸਿੱਖਦੇ ਰਹਿੰਦੇ ਹਨ। ਅਜਿਹੇ ਇਨਸਾਨ ਇੱਕ ਵਧੀਆਂ ਤੇ ਇਨਸਾਫ ਪਸੰਦ ਸਮਾਜ ਦੀ ਸਿਰਜਨਾ ਕਰਕੇ ਆਪਣੇ ਸਕੂਲ, ਮਾਤਾ ਪਿਤਾ ਤੇ ਅਧਿਆਪਕ ਸਾਹਿਬਾਨ ਦਾ ਨਾਮ ਰੌਸ਼ਨ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ ਅਤੇ ਉਹ ਆਪਣੇ ਗੁਣਾਂ ਦੀ ਖੁਸ਼ਬੂ ਖਿਲਾਰਦੇ ਚਲੇ ਜਾਂਦੇ ਹਨ। ਇਸ ਸਮੇ ਸਕੂਲ ਦੇ ਪ੍ਰਿੰਸੀਪਲ ਸ੍ਰ.ਹਰਤਾਜ ਸਿੰਘ ਸਿੱਧੂ ਨੇ ਉਦਾਹਰਨ ਦੇ ਕੇ ਵਿਦਿਆਰਥੀਆਂ ਨੂੰ ਕਿਹਾ ਕਿ ਜਿਵੇਂ ਮਾਦਾ ਪੰਛੀ ਬਾਜ਼ ਆਪਣੇ ਬੱਚੇ ਨੂੰ ਧਰਤੀ ਤੋਂ ਬਹੁਤ ਉੱਚਾ ਲਿਜਾ ਕੇ ਆਪਣੇ ਪੰਜਿਆਂ ਦੀ ਪਕੜ ਵਿੱਚੋਂ ਅਜ਼ਾਦ ਇਸ ਲਈ ਕਰ ਦਿੰਦੀ ਹੈ ਕਿ ਉਹ ਉੱਡਣ ਦੀ ਜਾਚ ਸਿੱਖ ਸਕਣ, ਇਸੇ ਤਰ੍ਹਾਂ ਮਾਤਾ ਪਿਤਾ ਅਤੇ ਅਧਿਆਪਕ ਸਾਹਿਬਾਨ ਬੱਚਿਆਂ ਨੂੰ ਵਿੱਦਿਆ ਦਾ ਖਜ਼ਾਨਾ ਇਸ ਲਈ ਪ੍ਰਦਾਨ ਕਰਦੇ ਹਨ ਕਿ ਉਹ ਉਚੇਰੀ ਵਿੱਦਿਆ ਹਾਸਲ ਕਰਕੇ ਇੱਕ ਨਿਰੋਏ ਵਧੀਆ ਸਮਾਜ ਦੀ ਸਿਰਜਨਾ ਕਰ ਸਕਣ। ਉਨ੍ਹਾਂ ਨੇ ਵਧੀਆਂ ਨੰਬਰ ਲੈ ਕੇ ਪਾਸ ਹੋਏ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਵੀ ਦਿੱਤੀ। ਅਖੀਰ ਵਿੱਚ ਸਕੂਲ ਦੇ ਮੈਂਬਰ ਇੰਚਾਰਜ ਸਾਹਿਬਾਨ ਸ੍ਰ.ਮਨਜੀਤ ਸਿੰਘ ਢਿੱਲੋਂ, ਸ੍ਰ.ਪਰਮਜੀਤ ਸਿੰਘ ਆਹੂਜਾ ਤੇ ਸ੍ਰ.ਸਰਬਜੀਤ ਸਿੰਘ ਨੇ ਵੀ ਇੰਨ੍ਹਾਂ ਸਫਲ ਹੋਏ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਮਿਹਨਤ ਕਰਕੇ ਭਵਿੱਖ ਵਿੱਚ ਹੋਰ ਉੱਚ ਸਥਾਨ ਤੇ ਸਫ਼ਲਤਾ ਹਾਸਲ ਕਰਨ ਦੀ ਪ੍ਰੇਰਨਾ ਕੀਤੀ।









## ਵਿਦਿਆਰਥੀ ਆਪਣੇ ਜੀਵਨ ਵਿਚ ਮਿਹਨਤ ਅਤੇ ਲਗਨ ਦੇ ਗੁਣ ਧਾਰਨ ਕਰਨ-ਪ੍ਰਿੰਸੀਪਲ ਮਰਵਾਹਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗੋਲਡਨ ਐਵੀਨਿਊ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ





ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗੋਲਡਨ ਐਵੀਨਿਊ ਅੰਮ੍ਰਿਤਸਰ ਵਿਖੇ ਨਵੇਂ ਸੈਸ਼ਨ (2022-23) ਦੀ ਸ਼ੁਰੂਆਤ ਗੁਰਬਾਣੀ ਦਾ ਓਟ ਆਸਰਾ ਲੈ ਕੇ ਬੜੇ ਉਤਸ਼ਾਹ ਨਾਲ ਕੀਤੀ ਗਈ। ਇਸ ਸੰਬੰਧ ਵਿਚ ਸਵੇਰੇ ਸਕੂਲ ਦੀ ਅਸੈਂਬਲੀ ਵਿੱਚ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਆਰੰਭ ਵਿਚ ਸਕੂਲ ਦੇ ਸਾਰੇ ਵਿਦਿਆਰਥੀਆਂ ਤੇ ਸਮੂਹ ਸਟਾਫ ਵੱਲੋਂ ਸ੍ਰੀ ਜਪੁਜੀ ਸਾਹਿਬ ਦੇ ਪਾਠ ਕੀਤੇ ਗਏ। ਉਪਰੰਤ ਸਕੂਲ ਦੇ ਕੀਰਤਨੀ ਜੱਥੇ ਵਲੋਂ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ। ਸਕੂਲ ਦੇ ਮੈਂਬਰ ਇੰਚਾਰਜ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਅਤ ਐਡੀਸ਼ਨਲ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ ਨੇ ਵਿਦਿਆਰਥੀਆਂ ਨੂੰ ਨਵੇਂ ਸੈਸ਼ਨ ਲਈ ਚੰਗੀ ਕਾਰਗੁਜ਼ਾਰੀ ਲਈ ਸ਼ੁਭਕਾਮਨਾਵਾਂ ਦਾ ਸੰਦੇਸ਼ ਦਿੱਤਾ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸਤਿੰਦਰ ਕੌਰ ਮਰਵਾਹਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪਰਮਾਤਮਾ ਦੀ ਮਿਹਰ ਨਾਲ ਬੜੇ ਸਮੇਂ ਬਾਅਦ ਅੱਜ ਸਕੂਲ ਦੇ ਵਿਹੜਿਆਂ ਵਿਚ ਮੁੜ ਰੌਣਕ ਪਰਤ ਆਈ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਅਨੁਸ਼ਾਸਨ, ਸਮੇਂ ਦੀ ਪਾਬੰਦੀ, ਮਿਹਨਤ, ਲਗਨ ਜਿਹੇ ਗੁਣ ਧਾਰਨ ਕਰ ਕੇ ਆਪਣਾ ਭਵਿੱਖ ਸਵਾਰਨ, ਆਪਣੇ ਅਤੇ ਆਪਣੇ ਮਾਤਾ-ਪਿਤਾ ਦੇ ਸੁਪਨੇ ਪੂਰੇ ਕਰਨ ਲਈ ਪ੍ਰੇਰਿਤ ਕੀਤਾ। ਉਪਰੰਤ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਸਰਬੱਤ ਦੇ ਭਲੇ ਅਤੇ ਸਕੂਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਵਿਦਿਆਰਥੀ ਇਸ ਮੌਕੇ ਤੇ ਬੜੀ ਖੁਸ਼ੀ ਅਤੇ ਉਤਸ਼ਾਹ ਨਾਲ ਭਰੇ ਨਜ਼ਰ ਆ ਰਹੇ ਸਨ ਅਤੇ ਸਭ ਨੇ ਬੜੀ ਮਿਹਨਤ ਨਾਲ ਆਪਣੀ ਪੜ੍ਹਾਈ ਕਰਨ ਅਤੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਦਾ ਪ੍ਰਣ ਕੀਤਾ ਅਤੇ ਨਵੇਂ ਸੈਸ਼ਨ ਦੀ ਸ਼ੁਰੂਆਤ ਕੀਤੀ।



## ਪੰਜਾਬੀ ਸਰਦਾਰ ਨੇ ਲਾਸ ਏਂਜਲਸ 'ਚ ਬਣਾਇਆ ਨਵਾਂ ਰਿਕਾਰਡ

ਲਾਸ ਏਂਜਸਲ 'ਚ ਹੋਈ 37ਵੀਂ ਮੈਰਾਥਨ ਦੌਰਾਨ 51 ਸਾਲਾ ਪੰਜਾਬੀ ਸਰਦਾਰ ਦਰਬਾਰਾ ਸਿੰਘ ਪੰਡਵਾਲਾ ਨੇ 26.2 ਮੀਲ (ਕਰੀਬ 42 ਕਿਲੋਮੀਟਰ) ਲੰਬੀ ਦੌੜ ਲਗਾ ਕੇ ਨਵਾਂ ਰਿਕਾਰਡ ਬਣਾਇਆ ਹੈ। ਡਾਜਰ ਸਟੇਡੀਅਮ ਤੋਂ ਅਰੰਭ ਹੋਈ ਇਹ ਮੈਰਾਥਨ 4 ਘੰਟੇ 10 ਮਿੰਟ 'ਚ ਮੁਕੰਮਲ ਹੋਈ ਤੇ ਇਸ ਦੌੜ 'ਚ ਵਿਦੇਸ਼ੀ ਮੂਲ ਦੇ ਅਮਰੀਕਨਾਂ ਸਮੇਤ ਸੈਂਕੜਿਆਂ ਦੀ ਗਿਣਤੀ 'ਚ ਦੌੜਾਕਾਂ ਨੇ ਹਿੱਸਾ ਲਿਆ। ਲਾਸ ਏਂਜਲਸ ਗੁਰਦੁਆਰਾ ਸਿੰਘ ਸਭਾ ਬਿਊਨਾ ਪਾਰਕ ਵਿਖੇ ਸੇਵਾ ਨਿਭਾਅ ਰਹੇ ਢਾਡੀ ਜਥੇ ਦੇ ਮੁੱਖੀ ਸ੍ਰ.ਸੰਦੀਪ ਸਿੰਘ ਲੋਹਾਰਾ ਨੇ ਦੱਸਿਆ ਕਿ ਸ੍ਰ.ਦਰਬਾਰਾ ਸਿੰਘ ਪੰਡਵਾਲਾ ਉਨ੍ਹਾਂ ਦੇ ਜਥੇ 'ਚ ਕਮਾਲ ਦੇ ਸਾਰੰਗੀਵਾਦਕ ਹਨ ਤੇ ਉਹ ਗੁਰੂਘਰ ਦੇ ਜਥੇ ਨਾਲ ਸੇਵਾਵਾਂ ਨਿਭਾਉਣ ਦੇ ਨਾਲ-ਨਾਲ ਰੋਜਾਨਾ ਕਰੀਬ 15 ਮੀਲ ਦੌੜਦੇ ਵੀ ਹਨ ਤੇ ਮੈਰਾਥਨ 'ਚ ਇਕੱਲੇ ਹੀ ਸਿੱਖੀ ਸਰੂਪ 'ਚ ਹੋਣ ਕਰਕੇ ਵਿਸ਼ੇਸ਼ ਖਿੱਚ ਦਾ ਕੇਂਦਰ ਵੀ ਬਣੇ ਰਹੇ।



ਖ਼ਬਰਨਾਮਾ

## ਡਾ. ਇੰਦਰਬੀਰ ਸਿੰਘ ਨਿੱਜਰ ਬਣੇ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ



ਪਿਛਲੇ ਦਿਨੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਜੀ ਆਪਣੇ ਸੁਆਸਾਂ ਦੀ ਪੂੰਜੀ ਭੋਗਦਿਆਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਅਧੀਨ ਚੱਲ ਰਹੇ ਅਦਾਰਿਆਂ ਦਾ ਕੰਮ-ਕਾਜ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਅੱਜ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੂੰ ਸਰਬ-ਸੰਮਤੀ ਨਾਲ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਥਾਪਿਆ ਗਿਆ। ਆਪਣਾ ਕਾਰਜਭਾਰ ਸੰਭਾਲਣ ਤੋਂ ਪਹਿਲਾਂ ਡਾ.ਇੰਦਰਬੀਰ ਸਿੰਘ ਨਿੱਜਰ, ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਸਾਥੀਆਂ ਨਾਲ ਚੀਫ਼ ਖ਼ਾਲਸਾ ਦੀਵਾਨ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਚੀਫ਼ ਖ਼ਾਲਸਾ ਦੀਵਾਨ ਦੀ ਚੜ੍ਹਦੀ ਕਲਾ ਲਈ ਆਪਣੀਆਂ ਨਵੀਆਂ ਜਿੰਮੇਵਾਰੀਆਂ ਨੂੰ ਨਿਭਾਉਣ ਹਿੱਤ ਅਕਾਲਪੁਰਖ ਅੱਗੇ ਬੱਲ ਅਤੇ ਬੁੱਧੀ ਬਖਸ਼ਣ ਦੀ ਅਰਦਾਸ ਕੀਤੀ। ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਅਤੇ ਸਰਪ੍ਰਸਤ ਸ੍ਰ.ਰਾਜਮੋਹਿੰਦਰ ਸਿੰਘ ਮਜੀਠਾ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਸ੍ਰ.ਸਰਬਜੀਤ ਸਿੰਘ ਛੀਨਾ, ਮੈਂਬਰ ਇੰਚਾਰਜ ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਦੀ ਹਾਜ਼ਰੀ ਵਿਚ ਚੀਫ਼ ਖ਼ਾਲਸਾ ਦੀਵਾਨ ਮੈਂਬਰਾਂ ਨੇ ਬੋਲੇ ਸੋ-ਨਿਹਾਲ ਦੀ ਗੂੰਜ ਵਿਚ ਡਾ.ਇੰਦਰਬੀਰ ਸਿੰਘ ਨਿੱਜਰ ਨੂੰ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾਓ ਅਤੇ ਫੁੱਲ ਮਾਲਾ ਪਾ ਕੇ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਦੀ ਸੇਵਾ ਸੋਪੀਂ। ਇਸ ਮੋਕੇ ਨਵੇਂ ਥਾਪੇ ਗਏ ਕਾਰਜਕਾਰੀ ਪ੍ਰਧਾਨ ਨੇ ਸਵਰਗ ਸਿਧਾਰ ਚੁੱਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ, ਚੇਅਰਮੈਨ ਸੀ.ਕੇ.ਡੀ ਸਕੂਲਜ਼ ਸ੍ਰ.ਭਾਗ ਸਿੰਘ ਅਣਖੀ, ਆਨਰੇਰੀ ਸਕੱਤਰ ਸ੍ਰ.ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਡਾ.ਹਰਦਾਸ ਸਿੰਘ ਅਤੇ ਸਥਾਨਕ ਪ੍ਰਧਾਨ ਸ੍ਰ.ਹਰਮਿੰਦਰ ਸਿੰਘ ਫਰੀਡਮ ਦੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਦੇ ਵਿਕਾਸ ਲਈ ਆਪਣੀ ਟੀਮ ਦੇ ਸਹਿਯੋਗ ਨਾਲ ਇਕਜੁੱਟ ਹੋ ਕੇ ਕੰਮ ਕਰਨ ਦਾ ਅਹਿਦ ਲਿਆ। ਇਸ ਮੌਕੇ ਡਾ.ਨਿੱਜਰ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਦੇ ਪੇਂਡੂ ਸਕੂਲਾਂ ਦੇ ਵਿਦਿਅਕ ਪੱਧਰ ਨੂੰ ਉਪਰ ਚੁੱਕਣ ਲਈ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ। ਉਹਨਾਂ ਦੇਸ਼ ਦੇ ਭਵਿੱਖ ਦੇ ਨਿਰਮਾਤਾ ਅਧਿਆਪਕਾਂ ਦੀ ਬਹੁਪੱਖੀ ਸਖਸ਼ੀਅਤ ਨੂੰ ਨਿਖਾਰਣ ਲਈ ਟੀਚਰ ਟਰੇਨਿੰਗ ਤੇ ਜ਼ੋਰ ਦਿੱਤਾ ਤਾਂ ਜੋ ਉਹ ਆਪਣੇ ਕੁਸ਼ਲ ਅਧਿਆਪਨ ਰਾਹੀਂ ਇਕ ਚੰਗੇ ਸਮਾਜ ਦੀ ਸਿਰਜਨਾ ਕਰ ਸਕਣ। ਇਸ ਸਮੇਂ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ ਨੇ ਪ੍ਰਧਾਨ ਸ੍ਰ.ਨਿਰਮਲ ਸਿੰਘ ਦੇ ਸਦੀਵੀਂ ਵਿਛੋੜੇ ਨੂੰ ਅਤਿਅੰਤ ਦੁੱਖਦਾਈ ਦੱਸਦਿਆਂ ਕਿਹਾ ਕਿ ਸਵ:ਪ੍ਰਧਾਨ ਸ੍ਰ.ਨਿਰਮਲ ਸਿੰਘ ਦੀ ਸਰਪ੍ਰਸਤੀ ਹੇਠ ਸ਼ੁਰੂ ਹੋਏ ਵਿਕਾਸ ਪ੍ਰਾਜੈਕਟਾਂ ਨੂੰ ਸਫ਼ਲਤਾ ਪੂਰਨ ਸੰਪੂਰਨ ਕੀਤਾ ਜਾਵੇਗਾ ਅਤੇ ਚੀਫ਼ ਖ਼ਾਲਸਾ ਦੀਵਾਨ ਦੀ ਪ੍ਰਬੰਧਕੀ ਟੀਮ ਸੰਸਥਾ ਦੇ ਮੋਢੀਆਂ ਦੀਆਂ ਆਸਾ-ਇੱਛਾਵਾਂ ਅਨੁਸਾਰ ਕੰਮ ਕਰਦਿਆਂ ਉਹਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ। ਇਸ ਮੋਕੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਵੀ ਚੀਫ਼ ਖ਼ਾਲਸਾ ਦੀਵਾਨ ਦੇ ਨਵੇਂ ਥਾਪੇ ਗਏ ਕਾਰਜਕਾਰੀ ਪ੍ਰਧਾਨ ਨੂੰ ਵਧਾਈ ਦਿੰਦਿਆਂ ਸ਼ੁਭਇੱਛਾਵਾਂ ਭੇਜੀਆ। ਇਸ ਮੋਕੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਸਰਪ੍ਰਸਤ ਸ੍ਰ.ਰਾਜਮੋਹਿੰਦਰ ਸਿੰਘ ਮਜੀਠਾ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਸ੍ਰ.ਸਰਬਜੀਤ ਸਿੰਘ ਛੀਨਾ, ਡਾ.ਜਸਵਿੰਦਰ ਸਿੰਘ ਢਿੱਲੋ, ਸ੍ਰ.ਜਸਪਾਲ ਸਿੰਘ ਢਿੱਲੋਂ, ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਹਰਨੀਤ ਸਿੰਘ, ਸ੍ਰ.ਸੰਤੋਖ ਸਿੰਘ ਸੇਠੀ, ਸ੍ਰ.ਸੁਖਦੇਵ ਸਿੰਘ ਮੱਤੇਵਾਲ, ਪ੍ਰੋ:ਹਰੀ ਸਿੰਘ, ਇੰਜੀ:ਜਸਪਾਲ ਸਿੰਘ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਮਨਮੋਹਨ ਸਿੰਘ, ਸ੍ਰ.ਸੁਖਦਿਆਲ ਸਿੰਘ, ਡਾ.ਵਿਕਰਮਜੀਤ ਸਿੰਘ ਬਾਠ, ਸ੍ਰ.ਧਨਰਾਜ ਸਿੰਘ, ਸ੍ਰ.ਅਜਾਇਬ ਸਿੰਘ ਅਭਿਆਸੀ, ਪ੍ਰੋ:ਸੂਬਾ ਸਿੰਘ, ਸ੍ਰ.ਜਤਿੰਦਰ ਸਿੰਘ ਭਾਟੀਆ, ਸ੍ਰ.ਅਵਤਾਰ ਸਿੰਘ, ਸ੍ਰ.ਪ੍ਰਭਜੋਤ ਸਿੰਘ ਸੇਠੀ, ਸ੍ਰ.ਭੁਪਿੰਦਰ ਸਿੰਘ ਸੇਠੀ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਸਰਬਜੋਤ ਸਿੰਘ, ਸ੍ਰ.ਜਸਪਾਲ ਸਿੰਘ (ਰਿਟਾ:ਪੀ.ਸੀ.ਐਸ) ਸ੍ਰ.ਪ੍ਰੇਮ ਸਿੰਘ, ਸ੍ਰ.ਜਗਤੇਸ਼ਵਰ ਸਿੰਘ, ਸ੍ਰ.ਜੋਗਿੰਦਰ ਸਿੰਘ ਅਰੋੜਾ, ਸ੍ਰ.ਕੁਲਵਿੰਦਰ ਸਿੰਘ ਮਰਵਾਹਾ, ਸ੍ਰ.ਗੁਨਬੀਰ ਸਿੰਘ, ਸ੍ਰ.ਕੁਲਜੀਤ ਸਿੰਘ ਸਾਹਨੀ, ਸ੍ਰ.ਅਮਰਜੀਤ ਸਿੰਘ ਭਾਟੀਆ, ਪ੍ਰੋ.ਬਲਜਿੰਦਰ ਸਿੰਘ, ਸ੍ਰ.ਸਰਜੋਤ ਸਿੰਘ ਸਾਹਨੀ, ਸ੍ਰ.ਜਗਦੀਪ ਸਿੰਘ ਨਰੂਲਾ, ਸ੍ਰ.ਨਵਤੇਜ ਸਿੰਘ ਨਾਰੰਗ, ਡਾ.ਟੀ.ਐਸ.ਚਾਹਲ, ਸ੍ਰ.ਗੁਰਭੇਜ ਸਿੰਘ, ਸ੍ਰ.ਕੁਲਜੀਤ ਸਿੰਘ (ਸਿੰਘ ਬ੍ਰਦਰਜ਼) ਡਾ.ਸੁਖਵਿੰਦਰ ਸਿੰਘ ਵਾਲੀਆ, ਸ੍ਰ.ਹਰਪ੍ਰੀਤ ਸਿੰਘ ਕੋਹਲੀ, ਸ੍ਰ.ਰਮਨੀਕ ਸਿੰਘ ਫਰੀਡਮ, ਸ੍ਰ.ਹਰਕੰਵਲ ਸਿੰਘ ਕੋਹਲੀ, ਸ੍ਰ.ਹਰਜੀਤ ਸਿੰਘ, ਸ੍ਰ.ਜਗਜੀਤ ਸਿੰਘ ਵਾਲੀਆ, ਸ੍ਰ.ਗਗਨਦੀਪ ਸਿੰਘ, ਡਾ.ਹਰਦੀਪ ਸਿੰਘ, ਡਾ.ਗੁਰਬਿਲਾਸ ਸਿੰਘ, ਡਾ.ਅਮਰਜੀਤ ਸਿੰਘ ਸੱਚਦੇਵਾ, ਡਾ.ਕੁਲਵੰਤ ਸਿੰਘ ਡੈਡ, ਸ੍ਰ.ਨਰਿੰਦਰ ਸਿੰਘ ਖੁਰਾਣਾ, ਸ੍ਰ.ਤਰਲੋਚਨ ਸਿੰਘ, ਸ੍ਰ.ਪ੍ਰਦੀਪ ਸਿੰਘ ਵਾਲੀਆ, ਐਡਵੋਕੇਟ ਗੁਰਨਾਮ ਸਿੰਘ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਰਣਦੀਪ ਸਿੰਘ, ਸ੍ਰ.ਪਿਆਰਾ ਸਿੰਘ, ਸ੍ਰ.ਰਵਿੰਦਰ ਸਿੰਘ ਰੋਬਿਨ, ਸ੍ਰ.ਜਸਵਿੰਦਰ ਸਿੰਘ ਐਡਵੋਕੇਟ, ਸ੍ਰ.ਜਤਿੰਦਰਬੀਰ ਸਿੰਘ, ਸ੍ਰ.ਉਪਕਾਰ ਸਿੰਘ, ਐਡਵੋਕੇਟ ਸ੍ਰ.ਇੰਦਰਜੀਤ ਸਿੰਘ, ਸ੍ਰ.ਜਗਜੀਤ ਸਿੰਘ, ਸ੍ਰ.ਸਵਰਾਜ ਸਿੰਘ ਸ਼ਾਮ, ਸ੍ਰ.ਪ੍ਰਭਜੋਤ ਸਿੰਘ ਸੇਠੀ, ਸ੍ਰ.ਨਰਿੰਦਰ ਸਿੰਘ ਨਰੂਲਾ, ਸ੍ਰ.ਦਲੀਪ ਸਿੰਘ ਢੀਂਗਰਾ, ਸ੍ਰ.ਵਰਿੰਦਰਪਾਲ ਸਿੰਘ, ਡਾ.ਰਣਜੀਤ ਸਿੰਘ ਬੁੱਟਰ, ਪ੍ਰਿੰਸੀਪਲ ਡਾ.ਧਰਮਵੀਰ ਸਿੰਘ ਆਦਿ ਹਾਜ਼ਰ ਸਨ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਆਯੋਜਿਤ ਫੁੱਲਾਂ ਦੀ ਪ੍ਰਦਰਸ਼ਨੀ ਵਿੱਚ ਦੀਵਾਨ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜੀ.ਟੀ.ਰੋਡ ਜੇਤੂ



ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪਿਛਲੇ ਦਿਨੀ ਫੁੱਲਾਂ ਦੀ ਪ੍ਰਦਰਸ਼ਨੀ ਦਾ ਤਿੰਨ ਰੋਜਾ ਮੇਲਾ ਆਯੋਜਿਤ ਕੀਤਾ ਗਿਆ ਜਿਸ ਵਿੱਚ ਲਗਭਗ 27 ਸਕੂਲਾਂ ਦੇ ਵਿਦਿਆਰਥੀਆਂ ਨੇ ਭਿੰਨ-ਭਿੰਨ ਤਰ੍ਹਾਂ ਦੇ ਫੁੱਲਾਂ ਦਾ ਪ੍ਰਦਰਸ਼ਨ ਕੀਤਾ। ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਚੱਲ ਰਹੇ ਮੁੱਖ ਅਦਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ.ਪਬਲਿਕ ਸਕੂਲ ਜੀ.ਟੀ.ਰੋਡ ਅੰਮ੍ਰਿਤਸਰ ਨੇ ਇਸ ਪ੍ਰਦਰਸ਼ਨੀ ਵਿੱਚ ਭਾਗ ਲਿਆ ਅਤੇ ਪੌਦਿਆਂ ਦੀ ਪ੍ਰਦਰਸ਼ਨੀ ਦੀ ਵੱਖ-ਵੱਖ ਕੈਟਾਗਰੀ ਵਿੱਚ ਦੋ ਪਹਿਲੇ ਸਥਾਨ, ਰੰਗੋਲੀ ਦੀ ਕੈਟਾਗਰੀ ਵਿੱਚ ਵੀ ਪਹਿਲਾ ਸਥਾਨ ਅਤੇ ਹੋਰ ਕੈਟਾਗਰੀ ਵਿੱਚ ਤਿੰਨ ਦੂਜੇ ਸਥਾਨ ਹਾਸਲ ਕਰਨ ਦਾ ਮਾਣ ਪ੍ਰਾਪਤ ਕੀਤਾ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਗੁਰਭੇਜ ਸਿੰਘ, ਸ੍ਰ.ਕੁਲਵਿੰਦਰ ਸਿੰਘ ਮਰਵਾਹਾ ਅਤੇ ਸਕੂਲ ਦੇ ਮੈਂਬਰ ਇੰਚਾਰਜ ਪ੍ਰੋ.ਹਰੀ ਸਿੰਘ ਨੇ ਜੇਤੂ ਵਿਦਿਆਰਥੀਆ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਇਸ ਕਾਰਗੁਜਾਰੀ ਦੀ ਭਰਪੂਰ ਸ਼ਲਾਘਾ ਕੀਤੀ। ਸਕੂਲ ਦੇ ਪ੍ਰਿੰਸੀਪਲ ਡਾ.ਧਰਮਵੀਰ ਸਿੰਘ ਨੇ ਬੱਚਿਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੁੱਖ ਅਧਿਆਪਕਾ ਸ੍ਰੀਮਤੀ ਨਿਸ਼ਚਿੰਤ ਕੌਰ, ਸ੍ਰੀਮਤੀ ਹਰਪ੍ਰੀਤ ਛਤਵਾਲ, ਆਰਟ ਅਧਿਆਪਕਾ ਸ੍ਰੀਮਤੀ ਜਸਬੀਰ ਕੌਰ ਸੋਢੀ, ਸ੍ਰੀਮਤੀ ਇੰਦਰਪ੍ਰੀਤ ਕੌਰ ਅਤੇ ਸ੍ਰ.ਜਸਕਰਨ ਸਿੰਘ ਵੀ ਹਾਜ਼ਰ ਸਨ।

## ਨਰਸਾਂ ਦੀ ਭੂਮਿਕਾ ਮਰੀਜਾਂ ਦੀ ਦੇਖਭਾਲ ਤੇ ਸਮਾਜ ਲਈ ਵਡਮੁਲੀ-ਡਾ.ਨਿੱਜਰ ਕਾਲਜ ਵਿੱਚ ਨਰਸਾਂ ਨੂੰ ਨੈਤਿਕ ਗੁਣਾਂ ਦੇ ਧਾਰਨੀ ਵੀ ਬਣਾਇਆ ਜਾਂਦਾ ਹੈ-ਡਾ.ਸੋਹੀ



ਅੱਜ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਡਾ:ਬਲਬੀਰ ਸਿੰਘ ਸੈਣੀ ਨੂੰ ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਦੁਬਾਰਾ ਸੁਪਰਡੈਂਟ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ:ਅਜੀਤ ਸਿੰਘ ਬਸਰਾ ਅਤੇ ਹੋਰਨਾਂ ਹਾਜ਼ਰ ਮੈਂਬਰ ਸਾਹਿਬਾਨ ਨੇ ਮੂਲ ਮੰਤਰ ਦੇ ਪਾਠ ਕਰਨ ਉਪਰੰਤ ਸ੍ਰ: ਸੈਣੀ ਨੂੰ ਗੁਰੂ ਸਾਹਿਬ ਦੀ ਬਖਸ਼ਿਸ ਸਿਰੋਪਾਓ ਅਤੇ ਫੁੱਲਾਂ ਦੇ ਸਿਹਰੇ ਪਾ ਕੇ ਯਤੀਮਖਾਨੇ ਦੇ ਸੁਪਰਡੈਂਟ ਵਜੋਂ ਸੇਵਾ ਸੌਂਪੀ। ਜ਼ਿਕਰਯੋਗ ਹੈ ਕਿ ਉੱਚ ਵਿਦਿਅਕ ਯੋਗਤਾ ਪ੍ਰਾਪਤ ਐਮ.ਏ, ਐਮ.ਐਡ, ਪੀਐਚ.ਡੀ ਡਾ: ਬਲਬੀਰ ਸਿੰਘ ਸੈਣੀ ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਪਹਿਲਾਂ ਵੀ 11 ਸਾਲ ਬਤੌਰ ਸੁਪਰਡੈਂਟ ਆਨਰੇਰੀ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਮੌਜੂਦਾ ਸਮੇਂ ਵਿੱਚ ਵੀ ਉਹ ਯਤੀਮਖਾਨਾ ਸੁਪਰਡੈਂਟ ਦੇ ਅਹੁੱਦੇ ਤੇ ਆਨਰੇਰੀ ਸੇਵਾਵਾਂ ਹੀ ਨਿਭਾਉਂਦੇ ਰਹਿਣਗੇ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ:ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ:ਅਜੀਤ ਸਿੰਘ ਬਸਰਾ ਨੇ ਕਿਹਾ ਕਿ ਮਿਹਨਤੀ, ਗੁਰੂ ਘਰ ਨਾਲ ਜੁੜੇ, ਅੰਮ੍ਰਿਤਧਾਰੀ ਡਾ: ਬਲਬੀਰ ਸਿੰਘ ਸੈਣੀ ਵਰਗੀਆਂ ਸਖ਼ਸੀਅਤਾਂ ਤੇ ਚੀਫ਼ ਖ਼ਾਲਸਾ ਦੀਵਾਨ ਨੂੰ ਮਾਣ ਹੈ ਜੋ ਨਿਸੁਆਰਥ ਅਤੇ ਸਮਰਪਣ ਭਾਵ ਨਾਲ ਸਮਾਜ ਵਿੱਚ ਆਪਣਾ ਸਾਰਥਿਕ ਯੋਗਦਾਨ ਪਾ ਕੇ ਸੇਵਾ ਕਰਦੇ ਹਨ। ਉਹਨਾਂ ਆਸ ਕੀਤੀ ਕਿ ਯਤੀਮਖਾਨਾ ਦੇ ਮੈਂਬਰ ਇੰਚਾਰਜ ਪ੍ਰੋ. ਵਰਿਆਮ ਸਿੰਘ ਅਤੇ ਸ੍ਰ. ਮੋਹਨਜੀਤ ਸਿੰਘ ਭੱਲਾ ਦੀ ਅਗਵਾਈ ਹੇਠ ਡਾ. ਬਲਬੀਰ ਸਿੰਘ ਸੈਣੀ ਯਤੀਮਖਾਨੇ ਦੇ ਪ੍ਰਬੰਧਨ ਨੂੰ ਸੁਚਾਰੂ ਢੰਗ ਨਾਲ ਚਲਾਉਂਦੇ ਹੋਏ ਬੱਚਿਆਂ ਦੀ ਵਿਦਿਅਕ, ਸਿਹਤ ਅਤੇ ਸੁਰੱਖਿਆ ਪੱਖੋਂ ਹਰ ਸਹੂਲਤ ਦਾ ਵਿਸ਼ੇਸ਼ ਧਿਆਨ ਰੱਖਣਗੇ। ਡਾ. ਬਲਬੀਰ ਸਿੰਘ ਸੈਣੀ ਨੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਦਾ ਉਹਨਾਂ ਨੂੰ ਇਹ ਸੇਵਾ ਸੋਪਣ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਸੌਂਪੀ ਗਈ ਇਸ ਸੇਵਾ ਨੂੰ ਪੂਰੇ ਤਨ, ਮਨ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ: ਅਜੀਤ ਸਿੰਘ ਬਸਰਾ, ਯਤੀਮਖਾਨਾ ਦੇ ਮੈਂਬਰ ਇੰਚਾਰਜ ਸ੍ਰ. ਮੋਹਨਜੀਤ ਸਿੰਘ ਭੱਲਾ, ਪ੍ਰੋ: ਹਰੀ ਸਿੰਘ, ਸ੍ਰ. ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ. ਰਬਿੰਦਰਬੀਰ ਸਿੰਘ ਭੱਲਾ, ਪ੍ਰੋ: ਸੂਬਾ ਸਿੰਘ ਅਤੇ ਹੋਰਨਾਂ ਮੈਂਬਰਾਂ ਸਮੇਤ ਪ੍ਰਿੰਸੀਪਲ ਜਸਵਿੰਦਰ ਕੋਰ ਮਾਹਲ, ਸ੍ਰ: ਇੰਦਰਜੀਤ ਸਿੰਘ ਅਤੇ ਸਟਾਫ਼ ਮੈਂਬਰ ਹਾਜ਼ਰ ਸਨ।

## ਸੀ.ਕੇ.ਡੀ ਸਕੂਲ ਆਫ ਐਕਸੀਲੈਂਸ ਵਿਖੇ ਸਿੱਖ ਵਾਤਾਵਰਣ ਦਿਵਸ ਮਨਾਇਆ ਗਿਆ।



ਚੀਫ਼ ਖ਼ਾਲਸਾ ਦੀਵਾਨ ਵਲੋਂ ਵਾਤਾਵਰਣ ਸੰਬੰਧੀ ਚੇਤਨੰਤਾ ਦੀ ਆਰੰਭੀ ਗਈ ਮੁਹਿੰਮ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਕੇ.ਡੀ ਸਕੂਲ ਆਫ ਐਕਸੀਲੈਂਸ ਵਿਖੇ ਸਿੱਖ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਅਤੇ ਹੋਰਨਾਂ ਮੈਂਬਰ ਸਾਹਿਬਾਨ ਨੇ ਵਿਸ਼ੇਸ਼ ਤੌਰ ਤੇ ਪੁੱਜ ਕੇ ਸਕੂਲ ਦੇ ਵਿਹੜੇ ਵਿਚ ਛਾਂਦਾਰ ਸਜਾਵਟੀ ਪੌਦੇ ਲਗਾਏ। ਇਸ ਮੌਕੇ ਕਾਰਜਕਾਰੀ ਪ੍ਰਧਾਨ ਡਾ.ਨਿੱਜਰ ਨੇ ਅਜੋਕੇ ਹਲਾਤਾਂ ਦੇ ਮੱਦੇਨਜਰ ਧਰਤੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ, ਲਗਾਤਾਰ ਕੱਟੇ ਜਾ ਰਹੇ ਦਰਖ਼ਤਾਂ ਅਤੇ ਵੱਧ ਰਹੀ ਪਲਾਸਟਿਕ ਦੀ ਵਰਤੋ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਵਿਚ ਬੱਚਿਆਂ ਨੂੰ ਵਾਤਾਵਰਣ ਪ੍ਰਤੀ ਸੁਚੇਤ ਕਰਦਿਆਂ ਆਪਣਾ ਆਲਾ-ਦੁਆਲਾ ਹਰਿਆ-ਭਰਿਆ ਰੱਖਣ ਲਈ ਪ੍ਰੇਰਿਤ ਕਰਨ ਅਤੇ ਦੀਵਾਨ ਦੇ ਸਕੂਲਾਂ ਵਿਚ ਬਰਸਾਤਾਂ ਦੇ ਪਾਣੀ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਯਤਨ ਕਰੇਗਾ।

ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਸਿੱਖ ਵਾਤਾਵਰਣ ਦੇ ਸੰਸਥਾਪਕ ਸਤਵੇਂ ਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵਾਤਾਵਰਣ ਪ੍ਰਤੀ ਪ੍ਰੇਮ ਸਮਰਪਣ ਨੂੰ ਉਜਾਗਰ ਕੀਤਾ ਅਤੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਵਨ, ਪਾਣੀ ਅਤੇ ਧਰਤੀ ਨੂੰ ਉੱਚ ਦਰਜਾ ਦੇ ਕੇ ਇਕ ਤਦੰਰੁਸਤ ਸਮਾਜ ਸਿਰਜਨ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਮੌਕੇ ਜਿਲ੍ਹਾ ਡਿਪਟੀ ਕਮਿਸ਼ਨਰ ਵੱਲੋਂ ਗਠਿਤ ਵਾਤਾਵਰਣ ਕਮੇਟੀ ਦੇ ਮੈਂਬਰ ਇੰਜੀਨੀਅਰ ਦਲਜੀਤ ਸਿੰਘ ਕੋਹਲੀ ਨੇ ਵੱਖ-ਵੱਖ ਕਿਸਮ ਦੇ ਪ੍ਰਦੂਸ਼ਣ ਨੂੰ ਘਟਾਉਣ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਅੰਤ ਪ੍ਰਿੰਸੀਪਲ ਸ੍ਰੀਮਤੀ ਜਸਵਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਜਸਪਾਲ ਸਿੰਘ ਢਿੱਲੋਂ, ਪ੍ਰਿੰਸੀਪਲ ਜਗਦੀਸ਼ ਸਿੰਘ, ਇੰਜੀ:ਜਸਪਾਲ ਸਿੰਘ, ਸ੍ਰ.ਅਵਤਾਰ ਸਿੰਘ ਘੁੱਲਾ, ਸ੍ਰ.ਰਜਿੰਦਰ ਸਿੰਘ ਮਰਵਾਹਾ, ਪ੍ਰੋ:ਸੂਬਾ ਸਿੰਘ, ਸ੍ਰ.ਕੁਲਵਿੰਦਰ ਸਿੰਘ ਮਰਵਾਹਾ, ਸ੍ਰ.ਰਣਦੀਪ ਸਿੰਘ,ਸ੍ਰ.ਭੁਪਿੰਦਰ ਸਿੰਘ ਸੇਠੀ, ਸ੍ਰ.ਦਲਜੀਤ ਸਿੰਘ ਕੋਹਲੀ ਆਦਿ ਹਾਜ਼ਰ ਸਨ।

## ਭਗਤਾਂਵਾਲਾ ਸਕੂਲ ਵਿਚ ਸਲਾਨਾ ਇਨਾਮ ਵੰਡ ਸਮਾਰੋਹ ਅਤੇ ਬੇਬੀ ਸ਼ੋਅ



ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਭਗਤਾਂਵਾਲਾ ਵਿਖੇ ਸਲਾਨਾ ਇਨਾਮ ਵੰਡ ਸਮਾਰੋਹ ਤੇ ਬੇਬੀ ਸ਼ੋਅ ਆਯੋਜਿਤ ਕੀਤਾ ਗਿਆ। ਜਿਸ ਵਿਚ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਦਰਸ਼ਨ ਸਿੰਘ ਸੁਲਤਾਨਵਿੰਡ ਅਤੇ ਸ੍ਰ.ਜਗਜੀਤ ਸਿੰਘ ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਅਤੇ ਬੱਚਿਆਂ ਨੂੰ ਜੀਵਨ ਵਿਚ ਉਨੱਤੀ ਅਤੇ ਖੁਸ਼ਹਾਲੀ ਦਾ ਅਸ਼ੀਰਵਾਦ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਸ਼ਬਦ (ਦੇਹੁ ਸਿਵਾ ਬਰ ਮੋਹਿ ਇਹੈ) ਨਾਲ ਕੀਤੀ ਗਈ। ਸਕੂਲ ਦੀ ਪ੍ਰਿੰਸੀਪਲ ਸ੍ਰੀ ਮਤੀ ਜਸਪਾਲ ਕੌਰ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕਰਨ ਉਪਰੰਤ ਸਕੂਲ ਦੀ ਸਲਾਨਾ ਰਿਪੋਰਟ ਪੜੀ। ਛੋਟੇ ਬੱਚਿਆਂ ਵਲੋਂ ਸਵਾਗਤੀ ਗੀਤ ਨਾਲ ਮਹਿਮਾਨਾਂ ਦਾ ਸੁਆਗਤ ਕੀਤਾ ਗਿਆ। ਫੈਂਸੀ ਡਰੈਸ ਪ੍ਰਤਿਯੋਗਿਤਾ ਨੇ ਉਚੇਚੇ ਤੌਰ ਤੇ ਸਭ ਦਾ ਦਿਲ ਜਿੱਤ ਲਿਆ। ਦੋ ਤੋਂ ਚਾਰ ਸਾਲ ਦੇ ਬੱਚਿਆਂ ਦੇ ਬੇਬੀ ਸ਼ੋਅ ਨੇ ਦਰਸ਼ਕਾਂ ਦਾ ਬਹੁਤ ਮਨੋਰੰਜਨ ਕੀਤਾ। ਫੈਂਸੀ ਡਰੈਸ ਵਿਚ ਸੱਜੇ-ਫੱਬੇ ਨੰਨੇ-ਮੁੰਨੇ ਬੱਚੇ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਹੇ। ਛੋਟੇ ਬੱਚਿਆਂ ਵਲੋਂ ਪੇਸ਼ ਕੀਤੀ ਗਈ ਸਕਿੱਟ ਨੇ ਆਏ ਹੋਏ ਮਾਪਿਆਂ ਨੂੰ ਕਰੋਨਾ ਕਾਲ ਤੋਂ ਬਾਅਦ ਬੱਚਿਆਂ ਨੂੰ ਸਕੂਲ ਭੇਜਣ ਲਈ ਪ੍ਰੇਰਿਤ ਕੀਤਾ। ਬੱਚਿਆਂ ਵਲੋਂ ਪੇਸ਼ ਕੀਤੇ ਗਏ ਨਾਚ ਨੇ ਦਰਸ਼ਕਾਂ ਦੀ ਖੂਬ ਵਾਹ-ਵਾਹ ਲੁੱਟੀ। ਅਖੀਰ ਵਿੱਚ ਵੱਖ-ਵੱਖ ਜਮਾਤਾਂ ਵਿੱਚੋਂ ਚੰਗੇ ਅੰਕ ਲੈਣ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਗਏ।

## ਤਰਨਤਾਰਨ ਸਕੂਲ ਦੀਆਂ ਗਤੀਵਿਧੀਆਂ



**ਫੈਂਸਿੰਗ ਵਿਚੋਂ ਤੀਜਾ ਇਨਾਮ ਜਿੱਤਿਆ :** ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਨੇ ਅੰਡਰ-14 ਸਟੇਟ ਲੈਵਲ ਪ੍ਰੀਤਯੋਗਿਤਾ ਵਿਚ ਜੋ ਕਿ ਸੈਂਟ ਸ੍ਹੋਲਜਰ ਗਰੁੱਪ ਆਫ ਇੰਸਟੀਚਿਊਟ ਵਿਖੇ ਹੋਈ ਜਿਸ ਵਿੱਚ ਸੱਤਵੀ ਕਲਾਸ ਦੀ ਵਿਦਿਆਰਥਨ ਏਮਜੋਤ ਕੌਰ ਨੇ ਫੇਂਸਿੰਗ ਦੀ ਸੈਬਰ ਵਿਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰਤੀਯੋਗਤਾ ਵਿਚ ਵੱਖ-ਵੱਖ 9 ਜ਼ਿਲਿਆਂ ਦੇ ਖਿਡਾਰੀਆਂ ਨੇ ਭਾਗ ਲਿਆ ਸੀ।

**ਇਨਾਮ ਵੰਡ ਸਮਾਰੋਹ :** ਸ੍ਰੀ ਗੁਰੂ ਤੇਗ ਬਹਾਰਦ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੀ ਧਾਰਮਿਕ ਸੰਸਥਾ ਵੱਲੋਂ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨਤਾਰਨ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਇਸ ਮੁਕਾਬਲੇ ਵਿਚ ਸਕੂਲ ਦੇ ਇੱਕ ਵਿਦਿਆਰਥੀ ਨੇ ਗੋਲਡ ਮੈਡਲ, 3 ਵਿਦਿਆਰਥੀਆਂ ਨੇ ਸਿਲਵਰ ਮੈਡਲ ਅਤੇ 20 ਵਿਦਿਆਰਥੀਆਂ ਨੇ ਕਾਂਸੀ ਦੇ ਮੈਡਲ ਹਾਸਿਲ ਕੀਤਾ। ਇਨ੍ਹਾਂ ਸਾਰੇ ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਸਕੂਲ ਸ੍ਰ.ਹਰਜੀਤ ਸਿੰਘ, ਮੀਤ ਪ੍ਰਧਾਨ ਤੇ ਮੈਂਬਰ ਇੰਚਾਰਜ ਸ੍ਰ.ਗੁਰਿੰਦਰ ਸਿੰਘ ਅਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਵੱਲੋਂ ਵਿਦਿਆਰਥੀਆਂ ਨੂੰ ਧਰਮ ਨਾਲ ਜੋੜਨ ਲਈ ਚੁੱਕਿਆ ਗਿਆ ਇਹ ਕਦਮ ਸ਼ਲਾਘਾਯੋਗ ਹੈ ਕਿਉਂਕਿ ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਹੀ ਮਾਰਗ ਤੇ ਚੱਲਣ ਲਈ ਧਾਰਮਿਕ ਸਿੱਖਿਆ ਦੇਣੀ ਬਹੁਤ ਜ਼ਰੂਰੀ ਹੈ।



## ਝਬਾਲ ਸਕੂਲ ਦੇ ਦੋ ਵਿਦਿਆਰਥੀਆਂ ਨੇ ਸਕਾਲਰਸ਼ਿਪ ਪ੍ਰਾਪਤ ਕੀਤੀ





ਚੀਫ਼ ਖ਼ਾਲਸਾ ਦੀਵਾਨ ਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੀ ਅੱਠਵੀਂ ਜਮਾਤ ਦੀ ਪ੍ਰਨੀਤ ਕੌਰ ਨੇ ਸਾਇੰਸ ਉਲੰਪੀਅਡ ਫਾਊਂਡੇਸ਼ਨ ਵੱਲੋਂ ਗਰਲਜ਼ ਚਾਇਲਡ ਸਕਾਲਰਸ਼ਿਪ ਪ੍ਰਾਪਤ ਕੀਤੀ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਉਰਮਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਵਿਚ 300 ਬੱਚਿਆਂ ਦੇ ਨਾਮ ਨਾਮਜ਼ਦ ਕੀਤੇ ਗਏ ਸਨ ਜਿਸ ਵਿਚੋਂ ਸਾਡੇ ਸਕੂਲ ਦੀ ਵਿਦਿਆਰਥਣ ਨੂੰ ਇਸ ਸਕਾਰਸ਼ਿਪ ਦੀ ਪੰਜ ਹਜ਼ਾਰ ਰੁਪਏ ਦੀ ਰਾਸ਼ੀ ਦਾ ਲਾਭ ਪ੍ਰਾਪਤ ਹੋਇਆ ਹੈ ਅਤੇ ਇਸੇ ਹੀ ਸਕੂਲ ਦੇ ਅੱਠਵੀਂ ਜਮਾਤ ਦੇ ਵਿਦਿਆਰਥੀ ਗੁਰਨੂਰ ਸਿੰਘ ਨੇ ਵੀ ਸਾਇੰਸ ਉਲੰਪੀਅਡ ਫਾਊਂਡੇਸ਼ਨ ਵੱਲੋਂ ਐਕਸੀਲੈਂਸ ਇਨ ਇੰਗਲਸ਼ ਵਿੱਚ ਪੰਜ ਹਜ਼ਾਰ ਰੁਪਏ ਸਕਾਲਰਸ਼ਿਪ ਪ੍ਰਾਪਤ ਕੀਤੀ। ਪ੍ਰਿੰਸੀਪਲ ਨੇ ਇਹ ਵੀ ਦੱਸਿਆ ਕਿ ਇਸ ਸਕੀਮ ਅਧੀਨ ਪੂਰੇ ਭਾਰਤ ਵਿੱਚੋਂ 120 ਸਕੂਲਾਂ ਦੇ ਵਿਦਿਆਰਥੀ ਚੁਣੇ ਗਏ। ਜਿੰਨਾਂ ਵਿੱਚੋਂ ਸਾਡੇ ਸਕੂਲ ਦੇ ਉਕਤ ਵਿਦਿਆਰਥੀ ਨੇ ਵੀ ਪੰਜ ਹਜ਼ਾਰ ਰੁਪਏ ਦੀ ਸਕਾਲਰਸ਼ਿਪ ਅਤੇ ਮੈਰਿਟ ਸਰਟੀਫਿਕੇਟ ਲੈਣ ਦਾ ਮਾਣ ਪ੍ਰਾਪਤ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਮਨਜੀਤ ਸਿੰਘ ਢਿੱਲੋਂ, ਸ੍ਰ.ਗੁਰਿੰਦਰ ਸਿੰਘ ਅਤੇ ਪ੍ਰਿੰਸੀਪਲ ਸ੍ਰੀਮਤੀ ਉਰਮਿੰਦਰ ਕੌਰ ਨੇ ਦੋਵਾਂ ਬੱਚਿਆਂ ਨੂੰ ਅਸ਼ੀਰਵਾਦ ਦਿੰਦਿਆਂ ਹੋਇਆ ਭੱਵਿਖ ਵਿੱਚ ਹੋਰ ਤਰੱਕੀ ਕਰਨ ਲਈ ਪ੍ਰੇਰਿਤ ਕੀਤਾ।

## ਬਸੰਤ ਐਵੀਨਿਊ ਸਕੂਲ ਦੇ ਹੋਣਹਾਰ ਬੱਚੇ ਆਪਣੀਆਂ ਇੰਚਾਰਜ ਕਲਾਸ ਅਧਿਆਪਕਾਂ ਅਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਨਿਰਮਲ ਕੌਰ ਨਾਲ



## ਸੈਂਟਰਲ ਖਾਲਸਾ ਯਤੀਮਖਾਨਾ ਦੇ ਮੈਂਬਰ ਇੰਚਾਰਜ ਸ੍ਰ.ਬੇਦੀ ਸਨਮਾਨਿਤ



ਪਿਛਲੇ ਦਿਨੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸੈਂਟਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਦਰਸ਼ਨ ਤੇ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਸੈਂਟਰਲ ਖਾਲਸਾ ਯਤੀਮਖਾਨਾ ਦੇ ਗੁਰਮਤਿ ਕਾਲਜ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਸਹਿਯੋਗ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਕੇਂਦਰ ਦੇ ਡਾਇਰੈਕਟਰ ਡਾ.ਅਮਰਜੀਤ ਸਿੰਘ ਨੇ ਸੈਂਟਰਲ ਖਾਲਸਾ ਯਤੀਮਖਾਨੇ ਦੇ ਮੈਂਬਰ ਇੰਚਾਰਜ ਸ੍ਰ.ਮਨਦੀਪ ਸਿੰਘ ਬੇਦੀ ਨੂੰ ਵਿਸ਼ੇਸ਼ ਰੂਪ ਵਿਚ ਸਨਮਾਨਿਤ ਕੀਤਾ। ਇਸ ਸੈਮੀਨਾਰ ਦੇ ਵਿਦਾਇਗੀ ਸ਼ੈਸਨ ਦੀ ਪ੍ਰਧਾਨਗੀ ਚੀਫ਼ ਖ਼ਾਲਸਾ ਦੀਵਾਨ ਦੇ ਮੈਗਜ਼ੀਨ ਖਾਲਸਾ ਐਡਵੋਕੇਟ ਦੇ ਮੁੱਖ ਸੰਪਾਦਕ ਪ੍ਰੋਫੈਸਰ ਜਸਬੀਰ ਸਿੰਘ ਸਾਬਰ ਨੇ ਕੀਤੀ।

Postal No. L-I/PB-ASR/0220/2022-2024

# ਆਪੇ ਗੁਰ ਚੇਲਾ



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ




ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ

Regd-RNI-64/57 ISSN - 2454-6488

ਪ੍ਰਕਾਸ਼ਕ ਤੇ ਛਾਪਕ ਸ. ਭਾਗ ਸਿੰਘ ਅਣਖੀ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-04-2022 ਨੂੰ ਜਾਰੀ ਕੀਤਾ ।